# ਐਲੀਮੈਂਟਰੀ ਸਿੱਖਿਆ ’ਚ ਡਿਪਲੋਮਾ

# (ਡੀ.ਐੱਲ.ਐੱਡ.)

## ਕੋਰਸ 506

## ਸਮਾਵੇਸ਼ੀ ਸੰਦਰਭ ਵਿੱਚ ਬੱਚਿਆਂ ਨੂੰ ਸਮਝਣਾ

## ਬਲਾਕ–1

## ਬੱਚੇ ਦਾ ਵਾਧਾ ਅਤੇ ਵਿਕਾਸ:ਮੂਲ

ਨੈਸ਼ਨਲ ਇੰਸਟੀਚਿਊਟ ਆਫ਼ ਓਪਨ ਸਕੂਲਿੰਗ

ਏ–24/25,ਇੰਡਸਟਰੀਅਲ ਏਰੀਆ

ਸੈਕਟਰ–62, ਨੌਇਡਾ

ਗੌਤਮ ਬੁੱਧ ਨਗਰ, ਯੂਪੀ–201309

ਵੈਬਸਾਈਟ:www.nios.ac.in

## Declaration/ Disclaimer

This is translated version of D.El.Ed. course material available in English medium at www.dled.nios.ac.in. All care and diligence has been ensured while translating to ensure sanctity of materials, however, in case of any kind of divergence/translation/ meaning the source version i.e material in English medium shall prevail.

## ਘੋਸ਼ਣਾ

ਇਹ ਡੀ.ਈਐੱਲ.ਈਡੀ. ਲਈ www.dled.nios.ac.in 'ਤੇ ਉਪਲੱਬਧ ਕੋਰਸ ਸਮੱਗਰੀ ਦਾ ਕੀਤਾ ਗਿਆ ਪੰਜਾਬੀ ਅਨੁਵਾਦ ਹੈ, ਕਿਸੇ ਵੀ ਕਿਸਮ ਦੀ ਭਿੰਨਤਾ ਦੇ ਸਿਲਸਿਲੇ ਵਿੱਚ ਅੰਗਰੇਜ਼ੀ ਸੰਸਕਰਣ ਪ੍ਰਬਲ ਹੋਵੇਗਾ।

# ਕੋਰਸ-506 "ਸਮਾਵੇਸ਼ੀ ਸੰਦਰਭ ਵਿੱਚ ਬੱਚਿਆਂ ਨੂੰ ਸਮਝਣਾ" ਲਈ ਕੋਰਸ ਸੰਕਲਪ ਨਕਸ਼ਾ



ਕਰੈਡਿਟ ਪੁਆਇੰਟ (8=6+2)

| ਬਲਾਕ | ਇਕਾਈ | ਇਕਾਈ ਦਾ ਨਾਂ | ਥਿਓਰੀ ਅਧਿਐਨ ਘੰਟੇ | | ਪ੍ਰਯੋਗੀ ਅਧਿਐਨ |
|---|---|---|---|---|---|
| | | | ਵਿਸ਼ਾ-ਵਸਤੂ | ਗਤੀਵਿਧੀ | |
| **ਬਲਾਕ-1:** ਬੱਚੇ ਦਾ ਵਾਧਾ ਅਤੇ ਵਿਕਾਸ-ਮੂਲ | **ਇਕਾਈ** 1 | ਬੱਚੇ ਨੂੰ ਸਮਝਣਾ | 6 | 3 | • ਕਾਰਕਾਂ ਦੀ ਸ਼ਨਾਖਤ ਕਰਨਾ ਜਿਹੜੇ ਤੁਹਾਡੇ ਸਕੂਲ ਦੇ ਬੱਚਿਆਂ ਦੇ ਵਾਧੇ ਅਤੇ ਵਿਕਾਸ ਨੂੰ ਪ੍ਰਭਾਵਤ ਕਰਦੇ ਹਨ। |
| | **ਇਕਾਈ** 2 | ਪਿਤਾ ਪੁਰਖੀ ਅਤੇ ਵਾਤਾਵਰਣ ਦੀ ਭੂਮਿਕਾ | 6 | 3 | • ਤੁਹਾਡੀ ਜਮਾਤ ਦੇ ਸਿਖਾਂਦਰੂਆਂ ’ਤੇ ਪਿਤਾ-ਪੁਰਖੀ ਪ੍ਰਭਾਵ ਦੀ ਸੂਚੀ ਤਿਆਰ ਕਰੋ।<br>• ਆਪਣੇ ਸਕੂਲ ’ਚ ਭੈਣ-ਭਰਾਵਾਂ ’ਤੇ ਵਾਤਾਵਰਣ ਦੇ ਪ੍ਰਭਾਵ ਬਾਰੇ ਵਿਸ਼ੇਸ਼ਤਾਈਆਂ ਲੱਭੋ। |
| **ਬਲਾਕ-2:** ਬੱਚਿਆਂ ਦਾ ਵਿਅਕਤਿਤਵ ਵਿਕਾਸ | **ਇਕਾਈ** 3 | ਵਿਅਕਤਿਤਵ ਦਾ ਵਿਕਾਸ ਕਰਨਾ ਅਤੇ ਇਸ ਦਾ ਮੁਲਾਂਕਣ | 8 | 4 | • ਤੁਹਾਡੀ ਜਮਾਤ ਦੇ ਸਿਖਾਂਦਰੂਆਂ ਵਿੱਚ ਵਿਅਕਤਿਤਵ ਵਿਸ਼ੇਸ਼ਤਾਈਆਂ ’ਚ ਅੰਤਰ ਲੱਭਣੇ। |
| | **ਇਕਾਈ** 4 | ਚਿੰਤਨ ਹੁਨਰਾਂ ਨੂੰ ਵਿਕਸਤ ਕਰਨਾ | 8 | 4 | • ਆਪਣੇ ਸਿਖਾਂਦਰੂ ’ਚ ਪ੍ਰਸ਼ਨ ਹੁਨਰ ਵਿਕਸਤ ਕਰਨ ਲਈ ਚੁੱਕੇ ਕਦਮਾਂ ਦੀ ਸ਼ਨਾਖਤ ਕਰਨਾ। |
| | **ਇਕਾਈ** 5 | ਸਵੈ ਦਾ ਵਿਕਾਸ | 10 | 5 | • ਸਵੈ ਸੰਕਲਪ ਵਿਕਸਤ ਕਰਨ ਦੀਆਂ ਕਲਾਸਰੂਮ |

| | | | | | |
|---|---|---|---|---|---|
| | | | | | ਸਥਿਤੀਆਂ ਦੀ ਪਛਾਣ |
| | **ਇਕਾਈ** 6 | ਬੱਚਿਆਂ ’ਚ ਰਚਨਾਤਮਕਤਾ ਦਾ ਵਿਕਾਸ ਕਰਨਾ | 9 | 7 | • ਰਚਨਾਤਮਕਤਾ ਨੂੰ ਕਸਣ ਲਈ ਆਪਣੀ ਜਮਾਤ ’ਚ ਅਧਿਆਪਕ ਨਾਤੇ ਤੁਹਾਡੇ ਵੱਲੋਂ ਤਿਆਰ ਸਥਿਤੀਆਂ ਦੀ ਸੂਚੀ ਤਿਆਰ ਕਰਨਾ |
| **ਬਲਾਕ**–3: ਸਮਾਵੇਸ਼ੀ ਸਿੱਖਿਆ | **ਇਕਾਈ** 7 | ਸਮਾਵੇਸ਼ੀ ਸਿੱਖਿਆ ਦੇ ਸੰਕਲਪ | 6 | 3 | • ਤੁਹਾਡੇ ਸਕੂਲ ’ਚ ਸਮਾਵੇਸ਼ੀ ਸਿੱਖਿਆ ਨੂੰ ਪ੍ਰਭਾਵਤ ਕਰਦੇ ਕਾਰਕਾਂ ਦੀ ਸੂਚੀ ਤਿਆਰ ਕਰਨਾ |
| | **ਇਕਾਈ** 8 | ਸੀ ਡਬਲਯੂ ਐੱਸ ਐੱਨ ਦੇ ਸੰਕਲਪ (ਵਿਸ਼ੇਸ਼ ਲੋੜਾਂ ਵਾਲੇ ਬੱਚੇ) | 7 | 4 | • ਆਪਣੇ ਸਕੂਲ ’ਚ ਸੀਡਬਲਯੂ ਐੱਸ ਐੱਨ ਦੀਆਂ ਸਿੱਖਣ ਲੋੜਾਂ ਦੀ ਸ਼ਨਾਖਤ ਕਰਨਾ। |
| | **ਇਕਾਈ** 9 | ਸੀ ਡਬਲਯੂ ਐੱਸ ਐੱਨ ਦੀ ਸਿੱਖਿਆ | 9 | 6 | • ਘਰ ਆਧਾਰਤ ਸਿੱਖਿਆ ਦੀ ਕਾਰਜ ਯੋਜਨਾ ਦੀ ਤਿਆਰੀ |
| | **ਇਕਾਈ** 10 | ਗ੍ਰਹਿਣਸ਼ੀਲ ਹੁਨਰਾਂ ਦਾ ਵਿਕਾਸ (ਡੀ ਏ ਐੱਸ), ਮਦਦਸ਼ੀਲ ਯੰਤਰ (ਏ ਐੱਸ) ਵਿਸ਼ੇਸ਼ ਥਰੈਪੀਆਂ (ਐੱਸ ਟੀ) | 9 | 3 | • ਆਪਣੇ ਸਕੂਲ ’ਚ ਕਿਸੇ ਵਿਗਾੜ ਅਨੁਭਵ ਸੰਬੰਧੀ ਵਿਸ਼ੇਸ਼ ਥਰੈਪੀਆਂ ’ਤੇ ਸੈਮੀਨਾਰ |
| **ਬਲਾਕ**–4: ਕੰਨਿਆ ਅਤੇ ਬੱਚੇ ਦੇ ਅਧਿਕਾਰ | **ਇਕਾਈ** 11 | ਲਿੰਗ ਭੇਦਭਾਗ | 9 | 6 | • ਲਿੰਗ ਮੁੱਦਿਆਂ ਉੱਪਰ ਤੁਹਾਡੇ ਸਕੂਲ ਦੀ ਭੂਮਿਕਾ ਦੀ ਸ਼ਨਾਖਤ |
| | **ਇਕਾਈ** 12 | ਕੰਨਿਆਵਾਂ ਨੂੰ ਸਸ਼ਕਤ ਕਰਨਾ | 9 | 6 | • ਆਪਣੇ ਸਕੂਲ ਦੀਆਂ ਲੜਕੀਆਂ ’ਚ ਜੀਵਨ ਹੁਨਰ ਵਿਕਸਤ ਕਰਨ ਲਈ |

| | | | | | |
|---|---|---|---|---|---|
| | | | | | ਆਪਣੀ ਭੂਮਿਕਾ ਨੂੰ ਸੂਚੀਬੱਧ ਕਰਨਾ |
| | **ਇਕਾਈ 13** | ਬੱਚਿਆਂ ਦੇ ਅਧਿਕਾਰ ਅਤੇ ਹੱਕਦਾਰੀ | 9 | 6 | • ਆਪਣੇ ਸਕੂਲ ਅਤੇ ਇਲਾਕੇ 'ਚ ਬੱਚਿਆਂ ਦੇ ਅਧਿਕਾਰਾਂ ਦੀ ਉਲੰਘਣਾ ਨੂੰ ਸੂਚੀਬੱਧ ਕਰਨਾ |
| | | ਟਿਊਟਰਿੰਗ | 15 | | |
| | | | 120 | 60 | 60 |
| **ਕੁੱਲ ਜੋੜ** | | | **120+60+60=240 ਘੰਟੇ** | | |

ਬਲਾਕ–1

# ਬੱਚੇ ਦਾ ਵਾਧਾ ਅਤੇ ਵਿਕਾਸ : ਮੂਲ

ਬਲਾਕ ਇਕਾਈਆਂ

ਇਕਾਈ 1 ਬੱਚੇ ਨੂੰ ਸਮਝਣਾ

ਇਕਾਈ 2 ਪਿਤਾ ਪੁਰਖੀ ਅਤੇ ਵਾਤਾਵਰਣ

## ਬਲਾਕ ਦਾ ਪਰਿਚੈ

ਇੱਕ ਸਿਖਾਂਦਰੂ ਹੋਣ ਨਾਤੇ ਤੁਸੀਂ ਕੋਰਸ 506 ਦਾ ਅਧਿਐਨ ਕਰੋਗੇ: ਸਮਾਵੇਸ਼ੀ ਸੰਦਰਭ ’ਚ ਬੱਚਿਆਂ ਨੂੰ ਸਮਝਣਾ। ਇਸ ਕੋਰਸ ਨੂੰ ਚਾਰ ਬਲਾਕਾਂ ਵਿੱਚ ਵੰਡਿਆ ਗਿਆ ਹੈ। ਇਹ ਕੋਰਸ ਤੁਹਾਨੂੰ ਬੱਚਿਆਂ ਦਾ ਸੁਭਾਅ (ਪ੍ਰਕਿਰਤੀ) ਅਤੇ ਲੋੜਾਂ ਨੂੰ ਸਮਝਣ ਲਈ ਸਸ਼ਕਤ ਕਰੇਗਾ ਤਾਂ ਜੋ ਤੁਸੀਂ ਅਧਿਆਪਨ-ਸਿੱਖਣ ਪ੍ਰਕਿਰਿਆ ਨੂੰ ਪ੍ਰਭਾਵਸ਼ਾਲੀ ਕਰ ਸਕੋ। ਤੁਸੀਂ ਬੱਚਿਆਂ ਵਿੱਚ ਨਿੱਜੀ ਅੰਤਰਾਂ ਨੂੰ ਸਮਝ ਸਕਦੇ ਹੋ ਅਤੇ ਇੱਕ ਬੱਚਾ ਹਿਤੈਸ਼ੀ ਵਾਤਾਵਰਣ ਤਿਆਰ ਕਰ ਸਕਦੇ ਹੋ। ਤੁਸੀਂ ਬੱਚੇ ਦੇ ਅਧਿਕਾਰਾਂ ਦੀ ਸੁਰੱਖਿਆ ਦੀ ਲੋੜ ਅਤੇ ਬੱਚਿਆਂ ਦੀ ਹੱਕਦਾਰੀ ’ਤੇ ਚਰਚਾ ਕਰ ਸਕਦੇ ਹੋ। ਇਹ ਚਰਚਾ ਤੁਹਾਨੂੰ ਬੱਚਿਆਂ ਦੇ ਸਮਾਜਿਕ-ਸੰਸਕ੍ਰਿਤਕ ਸੰਦਰਭ ’ਚ ਵਧੇਰੇ ਸੰਵੇਦਨਸ਼ੀਲ ਬਣਾਏਗੀ।

## ਬਲਾਕ 1: ਬੱਚੇ ਦਾ ਵਾਧਾ ਅਤੇ ਵਿਕਾਸ : ਮੂਲ

ਤੁਸੀਂ ਇੱਕ ਸਿਖਾਂਦਰੂ ਹੋਣ ਨਾਤੇ ਬਲਾਕ 1 ਦਾ ਅਧਿਐਨ ਕਰੋਗੇ : ਬੱਚੇ ਦਾ ਵਾਧਾ ਅਤੇ ਵਿਕਾਸ : ਮੂਲ। ਇਹ ਬਲਾਕ ਬੱਚੇ ਨੂੰ ਸਮਝਣ ਅਤੇ ਪਿਤਾਪੁਰਖੀ ਤੇ ਵਾਤਾਵਰਣ ਦੇ ਸੰਬੰਧ ’ਚ ਦੋ ਇਕਾਈਆਂ ਵਿੱਚ ਵੰਡਿਆ ਗਿਆ ਹੈ। ਹਰੇਕ ਇਕਾਈ ਖੰਡਾਂ ਅਤੇ ਉੱਪ-ਖੰਡਾਂ ਵਿੱਚ ਵੰਡੀ ਗਈ ਹੈ।

## ਇਕਾਈ 1: ਬੱਚੇ ਨੂੰ ਸਮਝਣਾ

ਇਹ ਇਕਾਈ ਪੜ੍ਹਨ ਤੋਂ ਬਾਅਦ ਤੁਸੀਂ ਵਾਧਾ ਅਤੇ ਵਿਕਾਸ ਦਾ ਭਾਵ ਸਮਝ ਸਕਦੇ ਹੋ, ਨਾਲ ਹੀ ’ਵਾਧਾ ਅਤੇ ਵਿਕਾਸ’ ਦੇ ਸਿਧਾਂਤਾਂ ਦਾ ਵਰਣਨ ਕਰ ਸਕਦੇ ਹੋ। ਤੁਸੀਂ ਵਾਧਾ ਅਤੇ ਵਿਕਾਸ ਲਈ ਜ਼ਿੰਮੇਵਾਰ ਭਿੰਨ ਕਾਰਕਾਂ ਨੂੰ ਸੂਚੀਬੱਧ ਕਰ ਸਕਦੇ ਹੋ। ਤੁਸੀਂ ਵਾਧਾ ਅਤੇ ਵਿਕਾਸ ਦੇ ਭਿੰਨ ਪੜਾਵਾਂ ਦੀ ਚਰਚਾ ਅਤੇ ਅਧਿਆਪਕ ਦੀ ਭੂਮਿਕਾ ਦੀ ਵਿਆਖਿਆ ਕਰ ਸਕਦੇ ਹੋ।

## ਇਕਾਈ 2: ਪਿਤਾ ਪੁਰਖੀ ਅਤੇ ਵਾਤਾਵਰਣ

ਇਹ ਇਕਾਈ ਤੁਹਾਨੂੰ ਪਿਤਾ ਪੁਰਖੀ ਅਤੇ ਵਾਤਾਵਰਣ ਦਾ ਅਰਥ ਸਮਝਣ ਵਿੱਚ ਮਦਦ ਕਰੇਗੀ। ਤੁਸੀਂ ਪਿਤਾ ਪੁਰਖੀ ਦੀ ਰਚਨਾ ਦੀ ਚਰਚਾ ਕਰਨ ਦੇ ਯੋਗ ਹੋਵੋਗੇ। ਤੁਸੀਂ ਵਾਤਾਵਰਣ ਨਾਲ ਜੁੜੇ ਭਿੰਨ ਕਾਰਕਾਂ ਨੂੰ ਸੂਚੀਬੱਧ ਕਰ ਸਕਦੇ ਹੋ। ਤੁਸੀਂ ਪਿਤਾਪੁਰਖੀ ਅਤੇ ਵਾਤਾਵਰਣ ਦੀ ਸੰਬੰਧਤ ਭੂਮਿਕਾ ਬਾਰੇ ਜਾਣਨ ਦੇ ਯੋਗ ਹੋਵੋਗੇ ਅਤੇ ਉਨ੍ਹਾਂ ਦੇ ਵਿਦਿਅਕ ਭਾਵਾਂ ਦੀ ਚਰਚਾ ਕਰ ਸਕੋਗੇ।

**ਤਤਕਰਾ**


| ਲੜੀ ਨੰ: | ਇਕਾਈ ਦਾ ਨਾਂ | ਸਫਾ |
|---|---|---|
| 1. | ਇਕਾਈ 1: ਬੱਚੇ ਨੂੰ ਸਮਝਣਾ | 1-32 |
| 2. | ਇਕਾਈ 2: ਪਿਤਾ ਪੁਰਖੀ ਅਤੇ ਵਾਤਾਵਰਣ | 33-44 |

## ਇਕਾਈ 1 ਬੱਚੇ ਨੂੰ ਸਮਝਣਾ

ਨੋਟ

### ਸੰਰਚਨਾ

1. ਜਾਣ-ਪਛਾਣ

1.1 ਸਿੱਖਣ ਦੇ ਮੰਤਵ

1.2 ਵਾਧਾ ਅਤੇ ਵਿਕਾਸ ਵਿਚਾਲੇ ਅੰਤਰ

1.3 ਵਾਧਾ ਅਤੇ ਵਿਕਾਸ ਦੇ ਸਿਧਾਂਤ

1.4 ਵਾਧਾ ਅਤੇ ਵਿਕਾਸ ਵਿਚਕਾਰ ਰਿਸ਼ਤਾ

1.5 ਵਾਧਾ ਅਤੇ ਵਿਕਾਸ ਨੂੰ ਪ੍ਰਭਾਵਤ ਕਰਦੇ ਕਾਰਕ

1.6 ਵਾਧਾ ਅਤੇ ਵਿਕਾਸ ਦੇ ਪੜਾਅ

1.6.1 ਬਾਲਪਣ ਤੋਂ ਬਾਲਅਵਸਥਾ ਤੱਕ ਵਾਧੇ ਦੇ ਪੜਾਅ ਅਤੇ ਉਨ੍ਹਾਂ ਦੇ ਭਾਵ

1.6.2 ਅਧਿਆਪਨ ਅਤੇ ਸਿੱਖਣ ਲਈ ਵਿਕਾਸ ਦੇ ਪੜਾਵਾਂ ਦੇ ਭਾਵ-ਅਰਥ

1.7 ਬੱਚਿਆਂ ਦੇ ਵਾਧੇ ਅਤੇ ਵਿਕਾਸ ਵਿੱਚ ਅਧਿਆਪਕਾਂ ਦੀ ਭੂਮਿਕਾ

1.8 ਸਾਰਾਂਸ਼

1.9 ਤੁਹਾਡੀ ਪ੍ਰਗਤੀ ਦੀ ਪਰਖ ਲਈ ਉੱਤਰ

1.10 ਸੁਝਾਏ ਅਧਿਐਨ ਅਤੇ ਸੰਦਰਭ

1.11 ਇਕਾਈ-ਅੰਤ ਅਭਿਆਸ

### 1.0 ਜਾਣ-ਪਛਾਣ

ਇਹ ਸਿਰਫ਼ ਬੱਚੇ ਦੇ ਵਾਧੇ ਅਤੇ ਵਿਕਾਸ ਦੇ ਗਿਆਨ ਨਾਲ ਹੈ ਕਿ ਇੱਕ ਅਧਿਆਪਕ ਲਈ ਬੱਚੇ ਦਾ ਸਹੀ ਮੁਆਇਨਾ ਅਤੇ ਮਾਰਗ ਦਰਸ਼ਨ ਕਰਨਾ ਸੰਭਵ ਹੁੰਦਾ ਹੈ ਕਿ ਬੱਚਾ ਇੱਕ ਅਜਿਹੇ ਨਾਗਰਿਕ ਦੇ ਤੌਰ 'ਤੇ ਵੱਡਾ ਹੋ ਸਕਦਾ ਹੈ ਜਿਹੜਾ ਆਪਣੇ ਅਧਿਕਾਰ ਅਤੇ ਜ਼ੁੰਮੇਵਾਰੀਆਂ ਸਮਝਦਾ ਹੋਵੇ। ਇਹ ਕਿਹਾ ਜਾ ਸਕਦਾ ਹੈ ਕਿ ਬੱਚੇ ਦਾ ਵਾਤਾਵਰਣ ਉਸ ਨੂੰ ਉਦੋਂ ਤੋਂ ਹੀ ਪ੍ਰਭਾਵਤ ਕਰਨਾ ਸ਼ੁਰੂ ਕਰ ਦਿੰਦਾ ਹੈ ਜਦੋਂ ਉਸਦਾ ਜਨਮ ਹੁੰਦਾ ਹੈ। ਵਾਤਾਵਰਣ ਦਾ ਪ੍ਰਭਾਵ ਵੱਧਦਾ ਹੈ ਜਿਵੇਂ ਹੀ ਬੱਚੇ ਦੀਆਂ ਯੋਗਤਾਵਾਂ ਪ੍ਰੌੜ ਹੁੰਦੀਆਂ ਹਨ। ਅਧਿਆਪਕਾਂ ਨੂੰ ਮਨੁੱਖੀ ਵਾਧੇ ਦੀ ਪ੍ਰਕਿਰਤੀ ਦੀ ਪੂਰਣ ਸਮਝ ਹੋਣੀ ਚਾਹੀਦੀ ਹੈ ਅਤੇ ਨਾਲ ਹੀ ਮਨੁੱਖੀ ਵਾਧੇ ਦੇ ਸਿਧਾਂਤਾਂ ਦੀ, ਅਤੇ ਉਹ ਇਸ ਸਮਝ ਤੱਕ ਵਿਦਿਅਕ ਹੰਭਲੇ ਨੂੰ ਸ਼ਿੰਗਾਰ ਸਕੇ। ਇਹ

ਨੋਟ

ਪ੍ਰਤੱਖ ਹੈ ਕਿ ਸਿੱਖਿਆ ਦੇ ਇਸ ਟੀਚੇ ਦੀ ਪੂਰਤੀ ਲਈ ਅਧਿਆਪਕ ਕੋਲ ਗਰਭ-ਧਾਰਣ ਤੋਂ ਬਾਲਗੀ ਅਤੇ ਬਢਾਪੇ ਤੱਕ ਮਨੁੱਖੀ ਵਿਕਾਸ ਦੇ ਭਾਵ-ਅਰਥ ਦਾ ਸ਼ੁੱਧ ਗਿਆਨ ਅਤੇ ਅਨੁਭਵ ਹੋਣਾ ਜ਼ਰੂਰੀ ਹੈ। ਬੱਚੇ ਦੇ ਜੀਵਨ ਦੇ ਪਹਿਲੇ ਕੁਝ ਸਾਲ ਅਤੇ ਵਿਕਾਸ ਬੱਚੇ ਦੇ ਮਗਰਲੇ ਵਿਕਾਸ ਦੀ ਸਮਝ ਲਈ ਬੇਹੱਦ ਅਹਿਮ ਹਨ। ਜਿਵੇਂ ਕਿ ਅਸੀਂ ਇਸ ਇਕਾਈ ਵਿੱਚ ਵੇਖਾਂਗੇ, ਗਰਭ ਧਾਰਣ ਤੋਂ ਮੌਤ ਤੱਕ ਵਾਧਾ ਇੱਕ ਨਿਰੰਤਰ ਪ੍ਰਕਿਰਿਆ ਹੈ। ਇਸ ਲਈ ਅਧਿਆਪਕ ਨੂੰ ਲਾਜ਼ਮੀ ਸਮਝਣਾ ਚਾਹੀਦਾ ਹੈ ਕਿ ਬੱਚੇ ਦੇ ਵਾਧੇ ਵਿੱਚ ਕਿਸ ਬਿੰਦੂ ’ਤੇ ਅਤੇ ਕਿਨ੍ਹਾਂ ਢੰਗਾਂ ਰਾਹੀਂ ਰਸਮੀ ਅਤੇ ਗੈਰ ਰਸਮੀ ਸਥਿਤੀਆਂ ਅਤੇ ਤਕਨੀਕਾਂ ਬੱਚੇ ਨੂੰ ਸੰਪੂਰਣ ਪਕਿਆਈ ਹਾਸਲ ਕਰਨ ਵਿੱਚ ਮਦਦ ਕਰੇਗੀ। ਇੱਕ ਅਧਿਆਪਕ ਨੂੰ ਭਿੰਨ ਸਮਾਜਿਕ-ਆਰਥਿਕ ਅਤੇ ਸੰਸਕ੍ਰਿਤਕ ਪਿਛੋਕੜ ਦੇ ਬੱਚਿਆਂ ਨਾਲ ਵਰਤਾਰਾ ਕਰਨਾ ਪੈਂਦਾ ਹੈ ਅਤੇ ਜਿਨ੍ਹਾਂ ਦੀ ਭਿੰਨ ਉਮਰ ਪੱਧਰਾਂ ’ਤੇ ਆਪਣੇ ਆਪ ਵਿੱਚ ਨਿੱਜੀ ਅੰਤਰਾਂ ਦੀ ਵਿਭਿੰਨਤਾ ਹੋਵੇ। ਇਹ ਇਕਾਈ ਵਾਧੇ ਤੇ ਵਿਕਾਸ ਅਤੇ ਵਿਸ਼ੇਸ਼ਤਾਈਆਂ ਦੀ ਸਮਝ (ਬੁਨਿਆਦੀ) ਵੀ ਉਪਲੱਬਧ ਕਰਦਾ ਹੈ, ਜਿਹੜੇ ਕਿ ਵਿਭਿੰਨ ਵਿਕਾਸਕਾਰੀ ਵਿਮਾਵਾਂ ਵਿੱਚ ਉਮਰ ਪੱਧਰਾਂ ’ਤੇ ਬੱਚੇ ਦੇ ਸਮਸੁਰ ਵਿਕਾਸ ਲਈ ਪ੍ਰਭਾਵਸ਼ਾਲੀ ਮਾਰਗ ਦਰਸ਼ਨ ਲਈ ਉਗਮਨ ਹੁੰਦੇ ਹਨ। ਆਲੇ-ਦੁਆਲੇ ਨਾਲ ਪਰਸਪਰ ਕਿਰਿਆ ਕਾਰਨ ਇੱਕ ਬੱਚੇ ਦੇ ਨਿਰੰਤਰ ਬਦਲ ਰਹੇ ਵਿਵਹਾਰ ਨੂੰ ਭਾਵੀ ਅਧਿਆਪਕ ਵੱਲੋਂ ਸਮਝਿਆ ਜਾਣਾ ਹੈ।

## 1.1 ਸਿੱਖਣ ਦੇ ਮੰਤਵ

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਤੁਸੀਂ ਯੋਗ ਹੋਵੋਗੇ ਵਾਧੇ ਅਤੇ ਵਿਕਾਸ ’ਚ ਅੰਤਰ ਕਰਨ ਦੇ

- ਵਾਧੇ ਅਤੇ ਵਿਕਾਸ ਦੇ ਸਿਧਾਂਤਾਂ ਦੀ ਸੂਚੀ ਬਣਾਉਣ ਅਤੇ ਵਰਨਣ ਕਰਨ ਦੇ
- ਵਾਧੇ ਅਤੇ ਵਿਕਾਸ ਦੇ ਸੰਬੰਧਨ ਦੇ
- ਵਾਧੇ ਅਤੇ ਵਿਕਾਸ ਲਈ ਜ਼ੁੰਮੇਵਾਰ ਕਾਰਕਾਂ ਦੀ ਸੂਚੀ ਬਣਾਉਣ ਦੇ
- ਬੱਚਿਆਂ ਦੀਆਂ ਉਨ੍ਹਾਂ ਦੇ ਵਾਧੇ ਅਤੇ ਵਿਕਾਸ ਦੇ ਭਿੰਨ ਪੜ੍ਹਾਵਾਂ ਵਿੱਚ ਭੌਤਿਕ, ਮਾਨਸਿਕ, ਭਾਵਨਾਤਮਕ, ਸਮਾਜਿਕ ਅਤੇ ਨੈਤਿਕ ਵਿਸ਼ੇਸ਼ਤਾਈਆਂ ਦੀ ਸ਼ਨਾਖਤ ਕਰਨ ਦੇ
- ਬੱਚਿਆਂ ਦੇ ਵਾਧੇ ਅਤੇ ਵਿਕਾਸ ਵਿੱਚ ਅਧਿਆਪਕ ਦੀ ਭੂਮਿਕਾ ਵਰਣਨ ਕਰਨ ਦੇ।

## 1.2 ਵਾਧਾ ਅਤੇ ਵਿਕਾਸ ਵਿਚਾਲੇ ਅੰਤਰ

ਵਿਕਾਸ ਉਦੋਂ ਹੁੰਦਾ ਹੈ ਜਦੋਂ ਪਕਿਆਈ ਅਤੇ ਅਨੁਭਵ ਕਾਰਨ ਮਨੁੱਖ ਵਿੱਚ ਕ੍ਰਮਵਾਰ ਅਤੇ ਪ੍ਰਗਤੀਸ਼ੀਲ ਤਬਦੀਲੀਆਂ ਹੁੰਦੀਆਂ ਹਨ, ਜਦਕਿ ਵਾਧਾ ਢਾਂਚਾਗਤ ਅਤੇ ਸਰੀਰਕ ਤਬਦੀਲੀਆਂ ਦਾ ਹਵਾਲਾ ਦਿੰਦੇ ਹਨ, ਵਿਕਾਸ ਵਾਧੇ ਨਾਲ ਸੰਬੰਧਤ ਹੁੰਦਾ ਹੈ, ਨਾਲ ਹੀ ਵਿਵਹਾਰ ਵਿੱਚ ਉਨ੍ਹਾਂ ਤਬਦੀਲੀਆਂ ਨਾਲ, ਜਿਹੜੇ ਕਿ ਵਾਤਾਵਰਣਕ ਸਥਿਤੀਆਂ ਤੋਂ ਉਤਪੰਨ ਹੁੰਦੇ ਹਨ। ਇਸ ਤਰ੍ਹਾਂ ਵਿਕਾਸ ਇੱਕ ਵਧੇਰੇ ਸਮਾਵੇਸ਼ੀ ਸ਼ਬਦ ਹੈ, ਜਿਸ ਦਾ ਕਿ ਇੱਕ ਹੋਰ ਤੱਤ ਹੁੰਦਾ ਹੈ, ਜਿਸ ਨੂੰ ਪਕਿਆਈ ਕਿਹਾ ਜਾਂਦਾ ਹੈ। ਵਾਧਾ ਇੱਕ ਅੱਟਲ ਪਰਿਵਰਤਨ ਹੈ, ਜਿਹੜਾ ਕਿ ਵਜ਼ਨ, ਉਚਾਈ ਅਤੇ ਆਕਾਰ ਦੇ ਰੂਪ ਵਿੱਚ ਮਾਪਿਆ ਜਾਂਦਾ ਹੈ। ਭਾਵੇਂ ਕਿ ਵਾਧੇ ਅਤੇ ਵਿਕਾਸ ਨੂੰ ਪਰਿਵਰਤਨ ਨੂੰ ਅੰਕਿਤ ਕਰਨ ਲਈ ਪਰਸਪਰ ਬਦਲ ਕੇ ਵਰਤਿਆ ਜਾਂਦਾ ਹੈ, ਇਨ੍ਹਾਂ ਦੋਹਾਂ ਪਰਿਭਾਸ਼ਤ ਸ਼ਬਦਾਂ ਨੂੰ ਨਿਮਨ ਅਨੁਸਾਰ ਭਿੰਨ ਤੌਰ ’ਤੇ ਵਰਤਿਆ ਜਾਣਾ ਚਾਹੀਦਾ ਹੈ।

| ਲੜੀ ਨੰ: | ਵਾਧਾ | ਵਿਕਾਸ |
|---|---|---|
| 1. | ਆਕਾਰ ਵਿੱਚ ਵਾਧਾ (ਉਚਾਈ, ਵਜ਼ਨ ਤੇ ਲੰਬਾਈ) ਜਿਹੜੀ ਕਿ ਮਾਤਰਾਤਮਕ ਤਬਦੀਲੀ ਲਿਆਉਂਦਾ ਹੈ, ਇਸਨੂੰ ਵਾਧਾ ਕਿਹਾ ਜਾਂਦਾ ਹੈ। | ਪਰਿਵਰਤਨ ਰੂਪ ਅਤੇ ਆਕਾਰ ਹੈ, ਜਿਹੜੀਆਂ ਕਿ ਕਿਰਿਆ ਜਾਂ ਚਰਿੱਤਰ ਵਿੱਚ ਗੁਣਾਤਮਕ ਪਰਿਵਰਤਨ ਲਿਆਉਂਦੀਆਂ ਹਨ, ਨੂੰ ਵਿਕਾਸ ਕਿਹਾ ਜਾਂਦਾ ਹੈ। |
| 2. | ਵਾਧਾ ਭੌਤਿਕ ਪਰਿਵਰਤਨ ਨੂੰ ਦਰਸਾਉਂਦਾ ਹੈ। | ਵਿਕਾਸ ਸੰਪੂਰਣ ਪਰਿਵਰਤਨ, ਸਮੇਤ ਭੌਤਿਕ ਪਰਿਵਰਤਨ ਨੂੰ ਦਰਸਾਉਂਦਾ ਹੈ। |
| 3. | ਵਿਕਾਸ ਦਾ ਇੱਕ ਭਾਗ ਹੈ ਵਾਧਾ। | ਵਿਕਾਸ ਸੰਪੂਰਣ ਦੇ ਤੌਰ ’ਤੇ ਪਰਿਵਰਤਨਾਂ ਨੂੰ ਮੁਖਾਤਬ ਹੁੰਦਾ ਹੈ। |
| 4. | ਵਾਧਾ ਪਕਿਆਈ ਦੇ ਨਾਲ ਰੁੱਕ ਜਾਂਦਾ ਹੈ। | ਵਿਕਾਸ ਪੂਰੀ ਜ਼ਿੰਦਗੀ ਜਾਰੀ ਰਹਿੰਦਾ ਹੈ। |
| 5. | ਭੌਤਿਕ ਪਰਿਵਰਤਨ ਜਾਂ ਵਾਧਾ ਪ੍ਰੇਖਣਯੋਗ ਹੋ ਅਤੇ ਮਾਪਣਯੋਗ ਵੀ। | ਗੁਣਾਤਮਕ ਪਰਿਵਰਤਨ ਜਾਂ ਵਿਕਾਸ ਪੂਰੀ ਤਰ੍ਹਾਂ ਪ੍ਰੇਖਣ ਯੋਗ ਅਤੇ ਮਾਪਣਯੋਗ ਨਹੀਂ ਹੈ। |
| 6. | ਵਾਧੇ ਨਾਲ ਵਿਕਾਸ ਹੋ ਵੀ ਸਕਦਾ ਹੈ, ਨਹੀਂ ਵੀ। | ਵਿਕਾਸ ਕਾਰਨ ਕਿਸੇ ਦੇ ਵੀ ਭਿੰਨ ਅੰਗਾਂ ਦੀ ਕ੍ਰਿਆਸ਼ੀਲਤਾ ਵਿੱਚ ਸੁਧਾਰ ਹੋ ਸਕਦਾ ਹੈ, ਪ੍ਰੰਤੂ ਵਿਕਾਸ ਦਾ ਭਾਵ ਵਾਧਾ ਨਹੀਂ ਹੈ। |

ਵਿਕਾਸ ਕਾਰਨ ਕਿਸੇ ਦੇ ਵੀ ਭਿੰਨ ਅੰਗਾਂ ਦੀ ਕ੍ਰਿਆਸ਼ੀਲਤਾ ਵਿੱਚ ਸੁਧਾਰ ਹੋ ਸਕਦਾ ਹੈ, ਪ੍ਰੰਤੂ ਵਿਕਾਸ ਦਾ ਭਾਵ ਵਾਧਾ ਨਹੀਂ ਹੈ।

## ਆਪਣੀ ਪ੍ਰਗਤੀ ਦੀ ਪਰਖ ਕਰੋ।

ਕੀ ਵਾਧਾ ਵਿਕਾਸ ਨਾਲੋਂ ਭਿੰਨ ਹੈ? ਜੇਕਰ ਹਾਂ, ਕਿਉਂ? 50 ਸ਼ਬਦਾਂ ’ਚ ਲਿਖੋ।

______________________________________________

______________________________________________

______________________________________________

______________________________________________

## 1.3 ਵਾਧਾ ਅਤੇ ਵਿਕਾਸ ਦੇ ਸਿਧਾਂਤ

ਵਾਧਾ ਇੱਕ ਕਿਰਿਆਸ਼ੀਲ ਗਤੀਮਾਨ ਪ੍ਰਕਿਰਿਆ ਹੈ, ਜਿਸ ਵਿੱਚ ਨਿਰੰਤਰ ਪਰਿਵਰਤਨ ਸ਼ਾਮਲ ਹੈ। ਵਰਤਮਾਨ ਅਨੁਭਵ ਜਿਹੜਾ ਬੱਚਿਆਂ ਕੋਲ ਹੈ, ਉੱਤਰ ਵਰਤੀ ਅਨੁਭਵਾਂ ਦੀ

ਨੋਟ

ਪ੍ਰਕਿਰਤੀ ਅਤੇ ਕੰਮ ਹੈ। ਸਾਧਾਰਣ ਬੱਚਾ ਵਧਣਸ਼ੀਲ ਪ੍ਰਾਣੀ ਹੁੰਦਾ ਹੈ। ਜਿਵੇਂ ਉਹ ਉਚਾਈ ਅਤੇ ਵਜ਼ਨ ਪ੍ਰਾਪਤ ਕਰਦਾ ਹੈ, ਜਿਵੇਂ ਉਹ ਵੱਧਦਾ ਹੈ, ਉਹ ਆਪਣੀਆਂ ਹਰਕਤਾਂ, ਧਾਰਣਾਵਾਂ, ਭਾਵਨਾਤਮਕ ਨਿਯੰਤ੍ਰਣ, ਸਮਾਜਿਕ ਸੰਤੁਲਨ, ਭਾਸ਼ਾ ਅਤੇ ਹੋਰ ਮਨੋਵਿਗਿਆਨਕ ਅਤੇ ਸਮਾਜਿਕ ਵਿਕਾਸ ਦੇ ਹੋਰਨਾਂ ਪਹਿਲੂਆਂ 'ਚ ਵੀ ਪ੍ਰਾਪਤੀ ਕਰਦਾ ਹੈ। ਅਸੀਂ ਹੇਠਾਂ ਵਾਧੇ ਅਤੇ ਵਿਕਾਸ ਦੇ ਨੌਂ ਸਿਧਾਂਤ ਪੇਸ਼ ਕੀਤੇ ਹਨ, ਜਿਨ੍ਹਾਂ ਦਾ ਤੁਸੀਂ ਵਿਸ਼ਲੇਸ਼ਣ ਕਰ ਸਕਦੇ ਹੋ ਅਤੇ ਵੇਖ ਸਕਦੇ ਹੋ ਕਿ ਜਕੇਰ ਇਹ ਤੁਹਾਡੇ ਦੁਆਲੇ ਬੱਚਿਆਂ 'ਤੇ ਲਾਗੂ ਹੁੰਦੇ ਹਨ।

### 1. ਵਿਕਾਸ ਇੱਕ ਸ਼ੈਲੀ ਦਾ ਅਨੁਸਰਣ ਕਰਦਾ ਹੈ

ਜਨਮ ਤੋਂ ਪਹਿਲਾਂ ਅਤੇ ਜਨਮ ਤੋਂ ਬਾਅਦ ਮਨੁੱਖ ਦਾ ਵਿਕਾਸ ਇੱਕ ਸ਼ੈਲੀ ਜਾਂ ਇੱਕ ਸਾਧਾਰਣ ਕੰਮ ਦਾ ਅਨੁਸਰਣ ਕਰਦਾ ਹੈ। ਭੌਤਿਕ ਵਿਕਾਸ, ਪ੍ਰੇਰਕ ਪੱਠਿਆਂ ਜਾਂ ਨਾੜੀਆਂ, ਜਾਂ ਭਾਸ਼ਾ ਵਿਕਾਸ ਅਤੇ ਬੌਧਿਕ ਵਿਕਾਸ ਨਿਸ਼ਚਤ ਕ੍ਰਮ ਵਿੱਚ ਹੁੰਦਾ ਹੈ।

### 2. ਵਿਕਾਸ ਦਿਸ਼ਾ ਦਾ ਸਿਧਾਂਤ

ਵਿਕਾਸ ਦੀ ਦਿਸ਼ਾ 'ਸਿਰ-ਪੂਛਲ' ਹੈ ਅਤੇ ਨਾਲ ਹੀ 'ਪ੍ਰੌਕਸੀਮੋਡਿਸਟਲ ਦਿਸ਼ਾ 'ਚ ਹੁੰਦਾ ਹੈ। ਵਿਕਾਸ ਦੀ ਦਿਸ਼ਾ ਸਿਰ ਤੋਂ ਲੱਤਾਂ-ਬਾਹਾਂ ਵੱਲ ਹੁੰਦੀ ਹੈ ਭਾਵ ਲੰਬਾਤਮਕ ਧੁਰੇ 'ਚ, ਜਿਸ ਨੂੰ 'ਸਿਰ-ਪੂਛਲ' ਕਿਹਾ ਜਾਂਦਾ ਹੈ ਅਤੇ ਕੇਂਦਰ ਤੋਂ ਬਾਹਰੀ ਸੀਮਾ (ਘੇਰੇ) ਤੱਕ, ਜਿਸ ਨੂੰ ਪ੍ਰੌਕਸੀਮੋਡਿਸਟਲ ਕਿਹਾ ਜਾਂਦਾ ਹੈ। ਬੱਚਾ ਪਹਿਲਾਂ ਆਪਣੇ ਸਿਰ, ਫੇਰ ਬਾਹਾਂ ਅਤੇ ਲੱਤਾਂ 'ਤੇ ਨਿਯੰਤ੍ਰਣ ਪਾਉਂਦਾ ਹੈ। ਇਸੇ ਤਰ੍ਹਾਂ ਬੱਚਾ ਪਹਿਲਾਂ ਵੱਡੇ ਪੱਠਿਆਂ 'ਤੇ ਨਿਯੰਤ੍ਰਣ ਪਾਉਣਾ ਸਿੱਖਦਾ ਹੈ ਅਤੇ ਨਿੱਕੇ ਪੱਠਿਆਂ ਨਾਲ ਬਿਹਤਰ ਹਰਕਤਾਂ ਕਰਦਾ ਹੈ।

### 3. ਨਿਰੰਤਰ ਵਿਕਾਸ

ਵਿਕਾਸ ਦੀ ਪ੍ਰਕਿਰਿਆ ਨਿਰੰਤਰ ਹੁੰਦੀ ਹੈ ਜਿਹੜੀ ਸਰਭਧਾਰਣ ਤੋਂ ਸ਼ੁਰੂ ਹੋ ਕੇ ਜਨਮ ਤੋਂ ਆਜੀਵਨ ਹੁੰਦੀ ਹੈ ਭਾਵ ਕੁੱਖ ਤੋਂ ਕਬਰ ਤੱਕ।

### 4. ਵਾਧੇ ਅਤੇ ਵਿਕਾਸ ਦੀ ਦਰ ਇਕਸਾਰ ਨਹੀਂ

ਭਾਵੇਂ ਕਿ ਵਿਕਾਸ ਨਿਰੰਤਰ ਹੈ, ਵਾਧੇ ਅਤੇ ਵਿਕਾਸ ਦੀ ਦਰ ਨਿਰੰਤਰ ਨਹੀਂ ਹੈ ਸ਼ੁਰੂਆਤੀ ਸਾਲਾਂ ਵਿੱਚ ਤੇਜ਼ੀ ਨਾਲ ਪਰਿਵਰਤਣ ਆਉਂਦੇ ਹਨ ਅਤੇ ਜ਼ਿੰਦਗੀ ਦੇ ਮਗਰਲੇ ਸਾਲਾਂ ਵਿੱਚ ਧੀਮੇ ਹੋ ਜਾਂਦੇ ਹਨ। ਕਿਸ਼ੋਰ ਅਵਸਥਾ ਦੌਰਾਨ ਦੁਬਾਰਾ ਵਾਧੇ ਅਤੇ ਵਿਕਾਸ ਵਿੱਚ ਅਚਾਨਕ ਚੜ੍ਹਾਅ ਆਉਂਦਾ ਹੈ, ਜਿਹੜਾ ਕਿ ਜ਼ਿੰਦਗੀ ਦੇ ਮਗਰਲੇ ਸਾਲਾਂ ਵਿੱਚ ਧੀਮਾ ਹੋ ਜਾਂਦਾ ਹੈ।

### 5. ਨਿੱਜੀ ਵਿਤਕਰੇ ਦਾ ਸਿਧਾਂਤ

ਵਿਕਾਸ ਦੇ ਨਾਲ ਵਿਭਿੰਨ ਵਿਮਾਵਾਂ ਵਿੱਚ ਵਿਕਾਸ ਦੀ ਦਰ ਅਤੇ ਗੁਣਵੱਤਾ ਵਿਅਕਤੀ ਤੋਂ ਵਿਅਕਤੀ ਅੰਤਰ ਕਰਦੀ ਹੈ। ਲੜਕਿਆਂ ਅਤੇ ਲੜਕੀਆਂ ਵਿਚਾਲੇ ਵਾਧਾ ਦਰ ਵਿੱਚ ਅੰਤਰ ਹੁੰਦਾ ਹੈ। ਬੱਚਿਆਂ ਦੀ ਤੁਲਨਾ ਵਿੱਚ ਲੜਕੀਆਂ (ਬੱਚੀਆਂ) ਛੇਤੀ ਪ੍ਰੌਢ ਹੁੰਦੀਆਂ ਹਨ। ਮਿਸਾਲ ਦੇ ਤੌਰ 'ਤੇ ਇੱਕੋ ਉਮਰ ਵਿੱਚ ਲੜਕੀਆਂ, ਲੜਕਿਆਂ ਦੇ ਮੁਕਾਬਲੇ ਲੰਮੀਆਂ ਅਤੇ ਬਿਹਤਰ ਵਿਕਸਤ ਨਜ਼ਰ ਆਉਂਦੀਆਂ ਹਨ।

### 6. ਵਿਕਾਸ ਸਾਧਾਰਣ ਤੋਂ ਵਿਸ਼ੇਸ਼ ਪ੍ਰਤਿਕਿਰਿਆ ਤੱਕ ਅਗਾਂਹ ਵੱਧਦਾ ਹੈ

ਪ੍ਰਤਿਕਿਰਿਆ ਪਹਿਲਾਂ ਸਾਧਾਰਣ ਹੁੰਦੀ ਹੈ, ਇਸ ਤੋਂ ਪਹਿਲਾਂ ਕਿ ਉਹ ਤਕਰੀਬਨ ਵਿਕਾਸ ਦੀਆਂ ਸਾਰੀਆਂ ਵਿਮਾਵਾਂ ਵਿੱਚ ਵਿਸ਼ੇਸ਼ ਬਣ ਜਾਂਦੀਆਂ ਹਨ। ਭਾਸ਼ਾ ਵਿਕਾਸ ਦੇ ਮਾਮਲੇ ਵਿੱਚ ਬੱਚਾ ਭਿੰਨ ਸ਼ਬਦ, ਅੱਖਰ ਬੋਲਣ ਤੋਂ ਪਹਿਲਾਂ ਭਿੰਨ ਆਵਾਜ਼ਾਂ ਨੂੰ ਤੁਤਲਾਉਂਦਾ ਹੈ, ਇਸ ਤਰ੍ਹਾਂ ਉਹ ਛੋਟੀਆਂ ਚੀਜ਼ਾਂ

ਨੂੰ ਵੇਖਣ ਤੋਂ ਪਹਿਲਾਂ ਵੱਡੀਆਂ ਨੂੰ ਵੇਖਦਾ ਹੈ। ਇਸ ਦਾ ਭਾਵ ਹੈ ਕਿ ਬੱਚੇ ਦੇ ਵਿਕਾਸ ਦੇ ਸਾਰੇ ਪੜ੍ਹਾਵਾਂ ਵਿੱਚ ਸਾਧਾਰਣ ਯੋਗਤਾ ਵਿਸ਼ੇਸ਼ ਕਿਰਿਆ ਪਿਛਾਂਹ ਛੱਡਦੀ ਹੈ

ਨੋਟ

## 7. ਏਕੀਕਰਣ ਦਾ ਸਿਧਾਂਤ

ਮੁੜ ਸਾਧਾਰਣ ਪ੍ਰਤਿਕਿਰਿਆ ਤੋਂ ਵਿਸ਼ੇਸ਼ ਪ੍ਰਤਿਕਿਰਿਆ ਤੱਕ ਅਗਾਂਹ ਵੱਧ ਕੇ ਇਹ ਵਿਸ਼ੇਸ਼ ਪ੍ਰਤਿਕਿਰਿਆਵਾਂ ਨੂੰ ਸੰਪੂਰਣ ਤੋਂ ਸੰਘਟਤ ਕੀਤਾ ਜਾਂਦਾ ਹੈ, ਇਸ ਦਾ ਭਾਵ ਹੈ ਕਿ ਸੰਪੂਰਣ ਤੋਂ ਹਿੱਸਿਆਂ ਤੱਕ ਅਤੇ ਮੁੜ ਹਿੱਸਿਆਂ ਤੋਂ ਸੰਪੂਰਣ ਤੱਕ ਇੱਕ ਹਰਕਤ ਹੁੰਦੀ ਹੈ।

## 8. ਅੰਤਰ ਸੰਬੰਧਨ ਦਾ ਸਿਧਾਂਤ

ਬੱਚੇ ਦੇ ਵਿਭਿੰਨ ਪਹਿਲੂਆਂ ਵਿੱਚ ਵਿਕਾਸ ਅੰਤਰ ਸੰਬੰਧਨ ਕਾਰਨ ਅੰਤਰ ਨਿਰਭਰ ਹੈ। ਸਮਾਜਿਕ ਪਹਿਲੂ ਵਿੱਚ ਇੱਕ ਵਿਮਾ ਦਾ ਵਿਕਾਸ ਭਾਵਨਾਤਮਕ ਵਿਕਾਸ ਨੂੰ ਪ੍ਰਭਾਵਤ ਕਰਦਾ ਹੈ ਅਤੇ ਇਸ ਦੇ ਪ੍ਰਭਾਵ ’ਚ ਵਿਕਾਸ ਦੀਆਂ ਸਾਰੀਆਂ ਵਿਮਾਵਾਂ ਇੱਕ ਦੂਜੇ ਨਾਲ ਸੰਬੰਧਨ ਜਾਂ ਪ੍ਰਭਾਵਤ ਕਰਦੀਆਂ ਹਨ।

## 9. ਪੂਰਵਅਨੁਮਾਨ ਯੋਗਤਾ

ਹਰੇਕ ਬੱਚੇ ਦੇ ਵਾਧੇ ਅਤੇ ਵਿਕਾਸ ਦੀ ਦਰ ਭੌਤਿਕ ਜਾਂ ਬੌਧਿਕ ਰੂਪ ਵਿੱਚ ਭਵਿੱਖੀ ਵਿਕਾਸ ਦੇ ਪੂਰਵਅਨੁਮਾਨ ਨੂੰ ਕਾਰਜ ਖੇਤਰ ਪ੍ਰਦਾਨ ਕਰਦਾ ਹੈ।

## ਆਪਣੀ ਪ੍ਰਗਤੀ ਦੀ ਪਰਖ ਕਰੋ 2

ਉਨ੍ਹਾਂ ਸਿਧਾਂਤਾਂ ਨੂੰ ਲਿੱਖੋ ਜਿਹੜੇ ਵਾਧਾ ਅਤੇ ਵਿਕਾਸ ਅਨੁਸਰਣ ਕਰਦੇ ਹਨ।

________________________________________________

________________________________________________

________________________________________________

________________________________________________

## 1.4 ਵਾਧਾ ਅਤੇ ਵਿਕਾਸ ਵਿਚਕਾਰ ਰਿਸ਼ਤਾ

ਹੁਣ ਦੋ ਪਰਿਭਾਸ਼ਕ ਸ਼ਬਦਾਂ ਵਾਧਾ ਅਤੇ ਵਿਕਾਸ ਵਿਚਕਾਰ ਰਿਸ਼ਤੇ (ਸੰਬੰਧਨ) ਨੂੰ ਵਿਚਾਰਨਾ ਲਾਹੇਵੰਦ ਹੋ ਸਕਦਾ ਹੈ। ਵਿਗਿਆਨਕ ਸਾਹਿਤ ਵਿੱਚ ਇਨ੍ਹਾਂ ਦੋਹਾਂ ਸ਼ਬਦਾਂ ਨੂੰ ਪਰਸਪਰ ਤਬਦੀਲ ਕਰਕੇ ਵਰਤਿਆ ਜਾਂਦਾ ਹੈ। ਵਾਧਾ ਇੱਕ ਕੋਸ਼ਿਕਾਵਾਂ ਵਾਲਾ ਗੁਣਨ ਹੈ, ਜਿਵੇਂ ਕਿ ਉਚਾਈ, ਵਜ਼ਨ, ਬੁੱਧੀ ਆਦਿ। ਦੂਜੇ ਪਾਸੇ ਵਿਕਾਸ ਸਾਰੇ ਹਿੱਸਿਆਂ (ਅੰਗਾਂ) ਦਾ ਸੰਗਠਨ ਹੁੰਦਾ ਹੈ, ਜਿਹੜਾ ਕਿ ਵਾਧੇ ਅਤੇ ਵਖਰੇਵੇਂ ਨੇ ਉਤਪੰਨ ਕੀਤਾ ਹੈ। ਦੂਜੇ ਸ਼ਬਦਾਂ ਵਿੱਚ ਵਾਧਾ ਪਰਿਵਰਤਨਾਂ ਨੂੰ ਵਰਨਣ ਕਰਨ ਲਈ ਪੇਸ਼ ਕੀਤਾ ਜਾ ਸਕਦਾ ਹੈ ਜਿਹੜਾ ਕਿ ਸਰੀਰ ਅਤੇ ਵਿਵਹਾਰ ਦੇ ਵਿਸ਼ੇਸ਼ ਪਹਿਲੂਆਂ ’ਚ ਹੁੰਦਾ ਹੈ ਜਦਕਿ ਪਰਿਭਾਸ਼ਕ ਸ਼ਬਦ ਵਿਕਾਸ ਬੱਚੇ ਨੂੰ ਸੰਪੂਰਣ ਦੇ ਤੌਰ ’ਤੇ ਹਵਾਲਾ ਦੇਣ ਲਈ ਵਰਤਿਆ ਜਾ ਸਕਦਾ ਹੈ। ਸ਼ਬਦ ’ਵਾਧਾ’ ਦੀ ਪਰਿਭਾਸ਼ਾ ਦੇ ਸੰਬੰਧ ਵਿੱਚ ਕਈ ਲੋਕ ਮੰਨਦੇ ਹਨ ਕਿ ਵਾਧਾ ਇੱਕ ਪ੍ਰਕਿਰਿਆ ਹੈ ਜਿਹੜਾ ਕਿ ਵਿਅਕਤੀ ਵੱਲੋਂ ਕਿਸੇ ਵੀ ਨਿਰਦੇਸ਼ ਜਾਂ ਨਿਯੰਤ੍ਰਣ ਦੇ ਹੁੰਦਾ ਹੈ। ਵਾਧਾ ਦੋਵੇਂ ਪਕਿਆਈ (ਪ੍ਰੌਢਤਾ) ਅਤੇ ਸਿੱਖਿਆ ਉੱਪਰ ਨਿਰਭਰ ਕਰਦਾ ਹੈ। ਪਕਿਆਈ (ਪ੍ਰੌਢਤਾ) ਪੱਠਿਆਂ ਅਤੇ ਤੰਤੂ-ਪ੍ਰਬੰਧ ਵਿੱਚ ਪਰਿਵਰਤਨਾਂ ਦਾ ਹਵਾਲਾ ਹੁੰਦਾ ਹੈ ਜਿਹੜਾ ਕਿ ਸਮੇਂ ਕਾਰਨ ਹੁੰਦਾ ਹੈ ਅਤੇ ਸਿੱਖਣ ਵਿਅਕਤੀ ਉੱਪਰ ਕਿਰਿਆਸ਼ੀਲ ਉਚਿਤ ਵਾਤਾਵਰਣਕ ਪ੍ਰਕਿਰਿਆਵਾਂ ਦੀ ਕਿਰਿਆ ਦਾ ਹਵਾਲਾ ਦਿੰਦਾ ਹੈ। ਸਿੱਟੇ ਵਜੋਂ ਸੰਪੂਰਣ ਵਿਕਾਸ ਪਰਿਵਰਤਣ ਦੀ ਕ੍ਰਮਵਾਰ ਸ਼ੈਲੀ ਹੈ

ਨੋਟ

ਜਿਹੜੀ ਕਿ ਵਾਧਾ ਪ੍ਰਕਿਰਿਆਵਾਂ ਦੀ ਬਹੁਲਤਾ ਨੂੰ ਸੰਮਿਲਤ ਕਰਦਾ ਹੈ ਜਿਹੜੇ ਕਿ ਪਕਿਆਈ ਅਤੇ ਵਾਤਾਵਰਣ ਦੇ ਕਾਰਕਾਂ ਉੱਪਰ ਨਿਰਭਰ ਕਰਦੇ ਹਨ। ਸਾਰੀਆਂ ਵਾਧਾ ਪ੍ਰਕਿਰਿਆਵਾਂ ਉਨ੍ਹਾਂ ਸਥਿਤੀਆਂ ਦੁਆਰਾ ਪ੍ਰਭਾਵਤ ਹੁੰਦੀਆਂ ਹਨ ਜਿਨ੍ਹਾਂ ਤਹਿਤ ਬੱਚਾ ਵਾਤਾਵਰਣ ਪ੍ਰਤੀ ਕਿਰਿਆ ਅਤੇ ਪ੍ਰਤੀ ਕਿਰਿਆ ਕਰਦਾ ਹੈ। ਇਨ੍ਹਾਂ ਵਾਧਾ ਪ੍ਰਕਿਰਿਆਵਾਂ ਵਿੱਚੋਂ ਕੁਝ ਜਿਵੇਂ ਕਿ ਚੱਲਣ ਲਈ ਸਿੱਖਣਾ ਅਤੇ ਬੋਲਣ ਲਈ ਸਿੱਖਣਾ ਮੁਕਾਬਲਤਨ ਥੋੜ੍ਹਾ ਸਮਾਂ ਲੈਂਦੇ ਹਨ। ਜਦਕਿ ਦੂਜਿਆਂ ਲਈ ਬਹੁਤ ਜ਼ਿਆਦਾ ਸਮੇਂ ਦੀ ਲੋੜ ਹੁੰਦੀ ਹੈ। ਇਹ ਸਿਰਫ਼ ਉਦੋਂ ਜਦੋਂ ਅਸੀਂ ਇੱਕ ਆਰੰਭਵ ਵਿਵਹਾਰ ਨੂੰ ਵਰਤਮਾਨ ਵਿਵਹਾਰ ਨਾਲ ਤੁਲਨਾ ਕਰਦੇ ਹਾਂ ਕਿ ਅਸੀਂ ਇਹ ਵੇਖਣ ਦੇ ਯੋਗ ਹੁੰਦੇ ਹਾਂ ਕਿ ਵਾਧਾ ਹੋਇਆ ਹੈ।

### ਆਪਣੀ ਪ੍ਰਗਤੀ ਦੀ ਪਰਖ ਕਰੋ 3

ਤੁਸੀਂ ਵਾਧਾ ਅਤੇ ਵਿਕਾਸ ਨੂੰ ਕਿਵੇਂ ਸੰਬੰਧਤ ਕਰਦੇ ਹੋ? 50 ਸ਼ਬਦਾਂ 'ਚ ਲਿੱਖੋ।

______________________________________________

______________________________________________

______________________________________________

______________________________________________

## 1.5 ਵਾਧਾ ਅਤੇ ਵਿਕਾਸ ਨੂੰ ਪ੍ਰਭਾਵਤ ਕਰਦੇ ਕਾਰਕ

ਗਰਭਧਾਰਣ ਤੋਂ ਲੈ ਕੇ, ਮਾਂ ਦੀ ਕੁੱਖ 'ਚ ਜੀਵਨ ਦੀ ਸ਼ੁਰੂਆਤ, ਮਨੁੱਖ ਦਾ ਵਾਧਾ ਅਤੇ ਵਿਕਾਸ, ਅੰਦਰੂਨੀ ਅਤੇ ਬਾਹਰੀ ਦੇ ਤੌਰ 'ਤੇ ਵਿਸਥਾਰ ਰੂਪ 'ਚ ਵਰਗੀਕ੍ਰਿਤ ਕਾਰਕਾਂ ਦੀ ਵਿਭਿੰਨਤਾ ਦੁਆਰਾ ਪ੍ਰਭਾਵਤ ਹੈ। ਆਓ ਅਸੀਂ ਇਨ੍ਹਾਂ ਕਾਰਕਾਂ ਨੂੰ ਨਿਮਨ ਅਨੁਸਾਰ ਚਰਚਾ ਕਰੀਏ।

### ਅੰਦਰੂਨੀ ਕਾਰਕ

ਉਹ ਸਾਰੇ ਕਾਰਕ ਜਿਹੜੇ ਕਿ ਵਿਅਕਤੀ ਦੇ ਅੰਦਰ ਹੁੰਦੇ ਹਨ, ਨੂੰ ਅੰਦਰੂਨੀ ਕਾਰਕ ਕਿਹਾ ਜਾਂਦਾ ਹੈ। ਇਨ੍ਹਾਂ ਵਿੱਚ ਸ਼ਾਮਲ ਹਨ:

1. ਪਿਤਾ ਪੁਰਖੀ ਕਾਰਕ
2. ਜੀਵ ਵਿਗਿਆਨਕ ਜਾਂ ਰਚਨਾਤਮਕ ਕਾਰਕ
3. ਬੁੱਧੀ
4. ਭਾਵਨਾਤਮਕ ਕਾਰਕ
5. ਸਮਾਜਿਕ ਪ੍ਰਾਕਿਰਤਕ

ਆਓ ਅਸੀਂ ਇਨ੍ਹਾਂ ਅੰਦਰੂਨੀ ਕਾਰਕਾਂ ਦਾ ਬੱਚਿਆਂ ਦੇ ਵਾਧੇ ਅਤੇ ਵਿਕਾਸ ਉੱਪਰ ਪ੍ਰਭਾਵ ਦੀ ਚਰਚਾ ਕਰੀਏ।

**1. ਪਿਤਾ ਪੁਰਖੀ ਕਾਰਕ**: ਪਿਤਾ ਪੁਰਖੀ ਕਾਰਕ ਮਾਂ ਦੀ ਕੁੱਖ ਵਿੱਚ ਗਰਭਧਾਰਣ ਦੇ ਸਮੇਂ 'ਤੇ ਆਪਣੀ ਭੂਮਿਕਾ ਅਦਾ ਕਰਦੇ ਹਨ। ਇਸ ਮੌਕੇ ਜੀਨ ਅਤੇ ਕਰੋਮੋਸੋਮ ਦੇ ਰੂਪ 'ਚ ਫੌਰੀ ਮਾਪਿਆਂ ਤੋਂ ਔਲਾਦ ਨੂੰ ਪਰਿਵਰਤ ਹੁੰਦਾ ਹੈ, ਪਿਤਾ ਪੁਰਖੀ ਯੋਗਦਾਨ ਦੀ ਰਚਨਾ ਕਰਦਾ ਹੈ। ਇਹ ਯੋਗਦਾਨ ਸਾਰੇ ਵਾਧੇ ਅਤੇ ਵਿਕਾਸ ਲਈ ਆਧਾਰ ਅਤੇ ਹਕੀਕੀ ਸ਼ੁਰੂਆਤੀ ਬਿੰਦੂ ਹੈ, ਜਿਹੜਾ ਕਿ ਬੱਚੇ ਦੀ ਜ਼ਿੰਦਗੀ 'ਚ ਬਾਅਦ 'ਚ ਵਾਪਰਦਾ ਹੈ। ਉੱਚਾਈ, ਵਜ਼ਨ ਅੱਖਾਂ ਅਤੇ ਚਮੜੀ ਦਾ ਰੰਗ, ਵਾਲਾਂ ਦੀਆਂ ਵਿਸ਼ੇਸ਼ਤਾਵਾਂ, ਸਭ ਕੁਝ ਇਨ੍ਹਾਂ ਪਿਤਾ-ਪੁਰਖੀ ਪ੍ਰਭਾਵਾਂ ਨਾਲ ਨਿਭਣਾ ਹੁੰਦਾ ਹੈ। ਵਿਅਕਤੀ ਦੇ ਰਚਨਾਤਮਕ ਸ਼ਿੰਗਾਰ ਨਾਲ ਸੰਬੰਧਤ ਹੋਰਨਾਂ ਚੀਜ਼ਾਂ ਅਤੇ ਸਰੀਰਕ ਬਣਤਰ, ਤੰਤੂ ਪ੍ਰਬੰਧ, ਸਰੀਰਕ

ਤਬਦੀਲੀ ਅਤੇ ਭੌਤਿਕ ਵਿਕਾਸ, ਕਾਫ਼ੀ ਹੱਦ ਤੱਕ ਪਿਤਾ-ਪੁਰਖੀ ਕਾਰਕਾਂ ਦੁਆਰਾ ਨਿਰਧਾਰਤ ਕੀਤੇ ਜਾਂਦੇ ਹਨ।

**2. ਜੀਵ ਵਿਗਿਆਨਕ ਜਾਂ ਰਚਨਾਤਮਕ ਕਾਰਕ:** ਇੱਕ ਬੱਚੇ ਦਾ ਰਚਨਾਤਮਕ ਸ਼ਿੰਗਾਰ, ਸਰੀਰਕ ਬਣਤਰ, ਡੀਲ-ਡੌਲ ਅਤੇ ਸਰੀਰਕ ਤਬਦੀਲੀ ਆਜੀਵਨ ਉਸ ਦੇ ਵਾਧੇ ਅਤੇ ਵਿਕਾਸ ਨੂੰ ਪ੍ਰਭਾਵਤ ਕਰਦੇ ਹਨ, ਇਨ੍ਹਾਂ ਨੂੰ ਨਿਮਨ ਢੰਗ ਨਾਲ ਪ੍ਰਮਾਣਤ ਕੀਤਾ ਜਾ ਸਕਦਾ ਹੈ।

1. ਇੱਕ ਬੱਚਾ ਜਿਹੜਾ ਕਿ ਸਰੀਰਕ ਤੌਰ 'ਤੇ ਕਮਜ਼ੋਰ ਹੈ ਜਾਂ ਫੇਰ ਅੰਦਰੂਨੀ ਵਿਕਾਰ ਹਨ, ਉਸ ਦੇ ਸਾਧਾਰਣ ਸਰੀਰਕ ਵਾਧੇ ਅਤੇ ਵਿਕਾਸ ਦੇ ਸ਼ਬਦਾਂ ਵਿੱਚ, ਉਸ ਤੋਂ ਤਸੱਲੀਬਖਸ਼ ਸਿੱਟਿਆਂ ਦੀ ਆਸ ਨਹੀਂ ਕੀਤੀ ਜਾ ਸਕਦੀ। ਉਹ ਆਮਤੌਰ 'ਤੇ ਬਿਮਾਰੀ ਤੋਂ ਪੀੜਤ ਹੁੰਦਾ ਹੈ, ਜਿਹੜੀ ਕਿ ਨਾ ਸਿਰਫ਼ ਉਸ ਦੇ ਸਰੀਰਕ ਵਾਧੇ 'ਚ ਰੁਕਾਵਟ ਪਾਉਂਦੀ ਹੈ, ਸਗੋਂ ਹੋਰਨਾ ਦਾਇਰਿਆਂ ਵਿੱਚ-ਮਾਨਸਿਕ, ਸਮਾਜਿਕ ਅਤੇ ਭਾਵਨਾਤਮਕ-ਵੀ ਉਸਦੇ ਵਿਕਾਸ ਨੂੰ ਪ੍ਰਭਾਵਨ ਕਰਦੇ ਹਨ।

2.ਤੰਤੂ ਪ੍ਰਬੰਧ, ਜਿਹੜਾ ਕਿ ਸਰੀਰਕ ਹਰਕਤ ਨੂੰ ਨਿਯੰਤ੍ਰਤ ਕਰਦਾ ਹੈ, ਸੰਗਿਆਨਕ ਦਾਇਰਿਆਂ ਵਿੱਚ ਬੱਚੇ ਦੇ ਵਾਧੇ ਅਤੇ ਵਿਕਾਸ ਨੂੰ ਪ੍ਰਭਾਵਤ ਕਰਦਾ ਹੈ।

3. ਅੰਤਰ ਨਿਕਾਸੀ ਜਾਂ ਨਾੜੀਹੀਣ ਗਲੈਂਡ ਅਸਰਦਾਰ ਕਾਰਕ ਹਨ ਜਿਹੜੇ ਕਿ ਜਨਮ ਤੋਂ ਹੀ ਵਿਅਕਤੀ ਦੇ ਵਾਧੇ ਅਤੇ ਵਿਕਾਸ ਨੂੰ ਪ੍ਰਭਾਵਤ ਕਰਦੇ ਹਨ। ਸਰੀਰ ਦੀ ਪ੍ਰਕਿਰਿਆ ਨੂੰ ਇਨ੍ਹਾਂ ਗਲੈਂਡਾਂ ਦੁਆਰਾ ਸੰਚਾਲਤ ਕੀਤਾ ਜਾਂਦਾ ਹੈ। ਇਨ੍ਹਾਂ ਗਲੈਂਡਾਂ ਵਿੱਚੋਂ ਹਰੇਕ ਆਪਦੇ ਰਸਾਇਣ ਰਸਾਉਂਦਾ ਹੈ, ਜਿਸ ਨੂੰ ਹਾਰਮੋਨਜ਼ ਕਿਹਾ ਜਾਦਾ ਹੈ। ਇਹ ਹਾਰਮੋਨਜ਼ ਰਕਤ ਧਾਰਾ ਕੋਲ ਪਹੁੰਚਦੇ ਹਨ ਅਤੇ ਪੂਰੇ ਸਰੀਰ ਵਿੱਚ ਸੰਚਾਰਤ ਹੁੰਦੇ ਹਨ। ਉਹ ਉਨ੍ਹਾਂ ਸਾਰੇ ਟਿਸ਼ੂਆਂ ਨੂੰ ਪ੍ਰਭਾਵਤ ਕਰਦੇ ਹਨ, ਜਿਨ੍ਹਾਂ ਉੱਪਰ ਸਰੀਰਕ ਪ੍ਰਣਾਲੀ ਦੀ ਕਿਰਿਆ, ਭਾਵਨਾਤਮਕ ਕਿਰਿਆਵਾਂ ਅਤੇ ਇੱਥੋਂ ਤੱਕ ਵਿਚਾਰ ਵੀ ਨਿਰਭਰ ਕਰਦੇ ਹਨ, ਇਸ ਤਰ੍ਹਾਂ ਨਾੜੀਹੀਣ ਗਲੈਂਡ ਦੀ ਕਿਰਿਆਸ਼ੀਲਤਾ ਵਿਭਿੰਨ ਪਹਿਲੂਆਂ ਉੱਪਰ ਵੱਡਾ ਪ੍ਰਭਾਵ ਪਾਉਂਦੀ ਹੈ ਜਿਵੇਂ ਕਿ-ਭੌਤਿਕ, ਸਮਾਜਿਕ, ਭਾਵਨਾਤਮਕ ਅਤੇ ਨੈਤਿਕ; ਜਿਹੜਾ ਕਿ ਇੱਕ ਵਿਅਕਤੀ ਦੀ ਵਾਧੇ ਅਤੇ ਵਿਕਾਸ ਨਾਲ ਸੰਬੰਧਤ ਹੁੰਦਾ ਹੈ। ਇੱਕ ਸੰਤੁਲਤ ਵਾਧੇ ਅਤੇ ਵਿਕਾਸ ਲਈ ਇਨ੍ਹਾਂ ਗਲੈਂਡਾਂ ਦੀ ਸਾਧਾਰਣ ਕਿਰਿਆ ਲਾਜ਼ਮੀ ਹੈ। ਜੇਕਰ ਇਨ੍ਹਾਂ ਗਲੈਂਡਾਂ ਦੀ ਉੱਪਰ ਕਿਰਿਆ (ਹਾਈਪਰ ਐਕਟੀਵਿਟੀ) ਜਾਂ ਹੇਠਲੀ ਕਿਰਿਆ (ਹਾਈਪੋਐਕਟੀਵਿਟੀ) ਹੁੰਦੀ ਹੈ ਇਹ ਵਾਧੇ ਅਤੇ ਵਿਕਾਸ ਵਿੱਚ ਗੰਭੀਰ ਵਿਰੂਪਤਾ ਵਿੱਚ ਪਰਿਣਾਮਤ ਹੁੰਦਾ ਹੈ।

4. ਬੁੱਧੀ: ਬੁੱਧੀ-ਸਿੱਖਣ, ਸੁਲਝਾਉਣ ਅਤੇ ਸਹੀ ਸਮੇਂ 'ਤੇ ਸਹੀ ਫੈਸਲਾ ਲੈਣ ਦੀ ਯੋਗਤਾ ਦੇ ਤੌਰ 'ਤੇ ਬੱਚੇ ਦੇ ਸੰਪੂਰਣ ਵਾਧੇ ਅਤੇ ਵਿਕਾਸ ਵਿੱਚ ਅਹਿਮ ਭੂਮਿਕਾ ਹੁੰਦੀ ਹੈ। ਇਹ ਉਸ ਦੇ ਸਮਾਜਿਕ ਵਿਵਹਾਰ, ਨੈਤਿਕ ਧਾਰਣਾ ਅਤੇ ਭਾਵਨਾਤਮਕ ਵਾਧੇ ਨੂੰ ਪ੍ਰਭਾਵਤ ਕਰਦਾ ਹੈ। ਇੱਕ ਬੁੱਧੀਮਾਨ ਵਿਅਕਤੀ ਆਪਣੀਆਂ ਭਾਵਨਾਵਾਂ ਉੱਪਰ ਉਚਿਤ ਨਿਯੰਤ੍ਰਣ ਕਰਦਾ ਹੈ ਅਤੇ ਆਪਣੇ ਨਿੱਜੀ ਅਤੇ ਸਮਾਜਿਕ ਕ੍ਰਮ ਨੂੰ ਚੰਗੀ ਤਰ੍ਹਾਂ ਜਾਰੀ ਰੱਖਦਾ ਹੈ। ਇਸ ਤਰ੍ਹਾਂ ਇੱਕ ਬੱਚੇ ਦਾ ਭੌਤਿਕ, ਸਮਾਜਿਕ, ਭਾਵਨਾਤਮਕ ਨੈਤਿਕ ਅਤੇ ਭਾਸ਼ਾ ਵਿਕਾਸ ਉਸ ਦੀ ਬੁੱਧੀ ਦੇ ਪੱਧਰ ਦੁਆਰਾ ਚੰਗੀ ਤਰ੍ਹਾਂ ਪ੍ਰਭਾਵਤ ਅਤੇ ਨਿਯੰਤ੍ਰਣ ਹੁੰਦਾ ਹੈ।

ਨੋਟ

ਨੋਟ

5. ਭਾਵਨਾਤਮਕ ਕਾਰਕ: ਭਾਵਨਾਤਮਕ ਕਾਰਕ ਭਾਵ ਭਾਵਨਾਤਮਕ ਸਮਾਯੋਜਨਯੋਗਤਾ ਅਤੇ ਪਕਿਆਈ (ਪ੍ਰੌਢਤਾ) ਵਿਅਕਤੀ ਦੇ ਸੰਪੂਰਣ ਵਾਧੇ ਅਤੇ ਵਿਕਾਸ ਨੂੰ ਪ੍ਰਭਾਵਤ ਕਰਨ ਵਿੱਚ ਵੱਡੀ ਭੂਮਿਕਾ ਅਦਾ ਕਰਦਾ ਹੈ। ਇੱਕ ਬੱਚਾ ਜਿਹੜਾ ਕਿ ਨਾਕਾਰਾਤਮਕ ਭਾਵਨਾਵਾਂ ਜਿਵੇਂ ਕਿ ਭੈਅ, ਗੁੱਸਾ, ਜਲਨ ਆਦਿ ਦੁਆਰਾ ਦਬਿਆ ਹੋਇਆ ਪਾਇਆ ਜਾਂਦਾ ਹੈ, ਵਿਪਰੀਤ ਤੌਰ ’ਤੇ ਆਪਣੇ ਭੌਤਿਕ, ਮਾਨਸਿਕ, ਸਮਾਜਿਕ ਅਤੇ ਨੈਤਿਕ ਤੇ ਭਾਸ਼ਾ ਵਿਕਾਸ ਵਿੱਚ ਪ੍ਰਭਾਵਤ ਹੁੰਦਾ ਹੈ।ਜੇਕਰ ਕੋਈ ਵਿਅਕਤੀ ਆਪਣੀਆਂ ਭਾਵਨਾਵਾਂ ਉੱਪਰ ਉਚਿਤ ਨਿਯੰਤ੍ਰਣ ਨਹੀਂ ਕਰ ਸਕਦਾ, ਯਕੀਨੀ ਹੈ ਕਿ ਉਹ ਆਪਣੇ ਵਾਧੇ ’ਤੇ ਵਿਕਾਸ ’ਚ ਜ਼ਰੂਰ ਭੁਗਤੇਗਾ।

6. ਸਮਾਜਿਕ ਪ੍ਰਕਿਰਤੀ: ਇੱਕ ਵਿਅਕਤੀ ਦਾ ਸਮਾਜੀਕਰਣ ਉਸ ਦੇ ਵਾਧੇ ਅਤੇ ਵਿਕਾਸ ਦੇ ਹੋਰਨਾ ਪਹਿਲੂਆਂ ਵਿੱਚ ਅਨੁਕੂਲਣ ਅਤੇ ਪ੍ਰਗਤੀ ਨੂੰ ਹਾਸਲ ਕਰਨ ਲਈ ਮਦਦ ਕਰਦਾ ਹੈ। ਉਹ ਆਪਣੇ ਵਾਤਾਵਰਣ ਤੋਂ ਉਸ ਦੀ ਸਮਾਜਿਕ ਪ੍ਰਕਿਰਤੀ ਦੁਆਰਾ ਵਧੇਰੇ ਸਿੱਖ ਸਕਦਾ ਹੈ, ਜਿਹੜਾ ਕਿ ਉਸਦੇ ਸਹੀ ਵਾਧੇ ਅਤੇ ਵਿਕਾਸ ਲਈ ਇੱਕ ਵਰਦਾਨ ਸਾਬਤ ਹੋ ਸਕਦਾ ਹੈ।

## ਬਾਹਰੀ ਕਾਰਕ

ਵਿਅਕਤੀ ਦੇ ਬਾਹਰੀ ਪਾਸੇ ਉਸ ਦੇ ਵਾਤਾਵਰਣ ਵਿਚਲੇ ਕਾਰਕਾਂ ਨੂੰ ਬਾਹਰੀ ਕਾਰਕ ਕਿਹਾ ਜਾਂਦਾ ਹੈ, ਜਿਹੜੇ ਕਿ ਉਸਦੇ ਵਾਧੇ ਅਤੇ ਵਿਕਾਸ ਨੂੰ ਪ੍ਰਭਾਵਤ ਕਰਦੇ ਹਨ। ਇਹ ਕਾਰਕ ਬੱਚੇ ਦੇ ਗਰਭਧਾਰਣ ਦੇ ਤੁਰੰਤ ਮਗਰੋਂ ਵਾਧੇ ਅਤੇ ਵਿਕਾਸ ਨੂੰ ਪ੍ਰਭਾਵਤ ਕਰਨ ’ਚ ਆਪਣੀ ਭੂਮਿਕਾ ਸ਼ੁਰੂ ਕਰਦੇ ਹਨ। ਇਨ੍ਹਾਂ ਵਿੱਚ ਨਿਮਨ ਸ਼ਾਮਲ ਹੁੰਦਾ ਹੈ।



**1. ਮਾਂ ਦੀ ਕੁੱਖ ’ਚ ਵਾਤਾਵਰਣ:** ਗਰਭਧਾਰਣ ਦੇ ਸਮੇਂ ਤੋਂ ਜਨਮ ਤੱਕ ਮਾਂ ਦੀ ਕੁੱਖ ’ਚ ਬੱਚੇ ਨੂੰ ਪੋਸ਼ਣ ਲਈ ਜੋ ਮੌਜੂਦ ਹੁੰਦਾ ਹੈ, ਵਾਧੇ ਅਤੇ ਵਿਕਾਸ ਦੇ ਨਜ਼ਰੀਏ ਨਾਲ ਬੇਹੱਦ ਅਹਿਮ ਹੁੰਦਾ ਹੈ। ਇਸ ਅਰਸੇ ਨਾਲ ਜੁੜੇ ਕੁਝ ਕਾਰਕ ਨਿਮਨ ਅਨੁਸਾਰ ਚਿੰਨ੍ਹਤ ਕੀਤੇ ਜਾ ਸਕਦੇ ਹਨ।

ੳ. ਗਰਭਧਾਰਣ ਦੌਰਾਨ ਮਾਂ ਦੀ ਭੌਤਿਕ ਅਤੇ ਮਾਨਸਿਕ ਤੰਦਰੁਸਤੀ

ਅ. ਕੁੱਖ ਵਿੱਚ ਪਰਵਰਿਸ਼ ਹੁੰਦਾ ਇਕੱਲਾ ਬੱਚਾ ਜਾਂ ਬਹੁ ਬੱਚੇ

ੲ. ਮਾਂ ਦੀ ਕੁੱਖ ਦੇ ਅੰਦਰ ਭਰੂਣ ਦੁਆਰਾ ਪ੍ਰਾਪਤ ਪਰਵਰਿਸ਼ ਦੀ ਗੁਣਵੱਤਾ ਅਤੇ ਮਾਤਰਾ

ਸ. ਚਾਹੇ ਹਾਂ ਜਾਂ ਨਹੀਂ ਭਰੂਣ ਨੁਕਸਾਨਦੇਹ ਵਿਕਿਰਣਾਂ ਜਾਂ ਕਿਰਣਾਂ ਆਦਿ ਦੇ ਭਾਗੀ ਹੁੰਦੇ ਹਨ।

ਹ. ਸਾਧਾਰਣ ਜਾਂ ਅਸਾਧਾਰਣ ਡਲੀਵਰੀ।

ਕ. ਕੁੱਖ ਵਿੱਚ ਬੱਚੇ ਦੀ ਕੋਈ ਹਾਨੀ ਜਾਂ ਹਾਦਸਾ।

**2. ਜਨਮ ਤੋਂ ਬਾਅਦ ਉਪਲੱਬਧ ਵਾਤਾਵਰਣ:** ਬੱਚਾ ਆਪਣੇ ਜਨਮ ਤੋਂ ਬਾਅਦ ਆਪਣੇ ਵਾਤਾਵਰਣ ਦੀਆਂ ਭਿੰਨ ਸਥਿਤੀਆਂ ਜਾਂ ਤਾਕਤਾਂ ਤੋਂ ਜੋ ਵੀ ਹਾਸਲ ਕਰਦਾ ਹੈ ਕਈ ਢੰਗਾਂ ਨਾਲ ਉਸ ਦੇ ਵਾਧੇ ਅਤੇ ਵਿਕਾਸ ਨੂੰ ਪ੍ਰਭਾਵਤ ਕਰਦੇ ਹਨ। ਇਨ੍ਹਾਂ ਨੂੰ ਨਿਮਨ ਅਨੁਸਾਰ ਵਰਨਣ ਕੀਤਾ ਜਾ ਸਕਦਾ ਹੈ।

ੳ. ਜ਼ਿੰਦਗੀ ਵਿੱਚ ਹਾਦਸੇ ਅਤੇ ਘਟਨਾਵਾਂ: ਇੱਕ ਵਿਅਕਤੀ ਦਾ ਵਾਧਾ ਅਤੇ ਵਿਕਾਸ ਚੰਗੇ ਅਤੇ ਮਾੜੇ ਹਾਦਸਿਆਂ ਅਤੇ ਘਟਨਾਵਾਂ ਦੁਆਰਾ ਵੱਡੇ ਪੱਧਰ ’ਤੇ ਪ੍ਰਭਾਵਤ ਹੁੰਦੇ ਹਨ, ਜਿਹੜੇ ਕਿ ਉਸ ਦੇ ਜੀਵਨ ਵਿੱਚ ਆ ਸਕਦੇ ਹਨ। ਕਦੇ-ਕਦਾਈਂ ਇੱਕ ਛੋਟਾ ਜ਼ਖਮ ਜਾਂ ਇੱਕ ਹਾਦਸਾ ਉਸ ਦੀ ਜ਼ਿੰਦਗੀ ਦੇ ਸਮੁੱਚੇ ਵਿਕਾਸ ਦੀ ਰਫ਼ਤਾਰ ਨੂੰ ਬਦਲ ਸਕਦੇ ਹਨ। ਮਿਸਾਲ ਦੇ ਤੌਰ ’ਤੇ ਜੇਕਰ ਕਿਸੇ ਹਾਦਸੇ ਵਿੱਚ

ਕਿਸੇ ਬੱਚੇ ਦਾ ਤੰਤੂ ਪ੍ਰਬੰਧ ਨਸ਼ਟ ਹੋ ਜਾਂਦਾ ਹੈ, ਇਹ ਉਸ ਦੇ ਮਾਨਸਿਕ ਵਿਕਾਸ ਨੂੰ ਰੁਕਾਵਟ ਪਾਵੇਗਾ ਅਤੇ ਬਦਲੇ ਵਿੱਚ ਇਹ ਹੋਰਨਾ ਦਾਇਰਿਆਂ ਵਿੱਚ ਉਸ ਦੇ ਵਿਕਾਸ ਨੂੰ ਪ੍ਰਭਾਵਤ ਕਰੇਗਾ ਜਿਵੇਂ ਕਿ-ਸਮਾਜਿਕ, ਭਾਵਨਾਤਮਕ, ਨੈਤਿਕ ਅਤੇ ਭੌਤਿਕ।

ਨੋਟ

ਅ. ਭੌਤਿਕ ਵਾਤਾਵਰਣ, ਮੈਡੀਕਲ ਸੰਭਾਲ ਅਤੇ ਪਰਵਰਿਸ਼: ਇੱਕ ਬੱਚੇ ਦਾ ਵਾਧਾ ਅਤੇ ਵਿਕਾਸ ਉਸ ਦੇ ਭੌਤਿਕ ਵਾਤਾਵਰਣ, ਮੈਡੀਕਲ ਸੰਭਾਲ ਅਤੇ ਪਰਵਰਿਸ਼ ਦੀ ਗੁਣਵੱਤਾ ਦੁਆਰਾ ਬਹੁਤ ਪ੍ਰਭਾਵਤ ਹੁੰਦੀ ਹੈ, ਜਿਹੜੀ ਕਿ ਉਸ ਨੂੰ ਜਿਉਂਦਿਆ ਰਹਿਣ ਅਤੇ ਕੰਮ ਕਰਨ ਲਈ ਮਿਲਦੀ ਹੈ। ਇਸ ਵਿੱਚ ਖੁੱਲ੍ਹਾ ਸਥਾਨ ਸੰਤੁਲਤ ਆਹਾਰ, ਰਹਿਣ ਅਤੇ ਕੰਮ ਦੀਆਂ ਬਿਹਤਰ ਸਥਿਤੀਆਂ ਅਤੇ ਸਹੀ ਮੈਡੀਕਲ ਸੰਭਾਲ। ਉਹ ਇਨ੍ਹਾਂ ਚੀਜ਼ਾ ਦੀ ਸਹੀ ਉਪਲੱਬਧੀ ਉੱਪਰ ਆਧਾਰਤ ਆਪਣੇ ਵਾਧੇ ਅਤੇ ਵਿਕਾਸ ਦੀਆਂ ਉਚਾਈਆਂ ਨੂੰ ਹਾਸਲ ਕਰੇਗਾ।

ੲ. ਇੱਕ ਬੱਚਾ ਇਸ ਸਮਾਜਿਕ ਅਤੇ ਸੰਸਕ੍ਰਿਤਕ ਵਾਤਾਵਰਣ ਤੋਂ ਆਪਣੀਆਂ ਸਮਰੱਥਾਵਾਂ ਦੇ ਵਾਧੇ ਅਤੇ ਵਿਕਾਸ ਲਈ ਹਾਸਲ ਕਰਦਾ ਹੈ, ਉਸ ਦੀ 'ਸਮਝ' ਦੇ ਵਿਕਾਸ ਦੀ ਸਮੁੱਚੀ ਰਫ਼ਤਾਰ ਨੂੰ ਪ੍ਰਭਾਵਤ ਕਰਦਾ ਹੈ, ਜਿਸ ਨੂੰ ਉਹ ਵਿਕਸਤ ਕਰਦਾ ਹੈ, ਅਤੇ ਉਹ ਬਣਦਾ ਹੈ ਜਿਹੜਾ ਕਿ ਇਨ੍ਹਾਂ ਸਮਾਜਿਕ ਅਤੇ ਸੰਸਕ੍ਰਿਤਕ ਤਾਕਤਾਂ ਦੁਆਰਾ ਇੱਛਤ ਅਤੇ ਪ੍ਰਵਾਨਤ ਕੀਤਾ ਜਾਂਦਾ ਹੈ। ਅਜਿਹੀਆਂ ਸਥਿਤੀਆਂ ਵਿੱਚੋਂ ਕੁਝ ਹੇਠਾਂ ਵਰਣਨ ਕੀਤੀਆਂ ਗਈਆਂ ਹਨ।

1. ਇੱਕ ਬੱਚੇ ਦੁਆਰਾ ਪ੍ਰਾਪਤ ਮਾਪਿਆਂ ਅਤੇ ਪਰਿਵਾਰ ਦੀ ਸੰਭਾਲ।
2. ਮਾਪਿਆਂ ਅਤੇ ਪਰਿਵਾਰ ਦਾ ਆਰਥਿਕ ਅਤੇ ਸਮਾਜਿਕ ਰੁਤਬਾ।
4. ਗੁਆਂਢ ਅਤੇ ਆਲੇ-ਦੁਆਲੇ ਦੇ ਵਾਤਾਵਰਣ ਦੀ ਗੁਣਵੱਤਾ।
4. ਬੱਚੇ ਵੱਲੋਂ ਹਾਸਲ ਸਕੂਲਿੰਗ ਦੀ ਗੁਣਵੱਤਾ।
5. ਹਮ-ਉਮਰ ਸਮੂਹ ਸੰਬੰਧਨ ਦੀ ਗੁਣਵੱਤਾ ਅਤੇ ਬੱਚੇ ਦਾ ਸਾਥ।
6. ਬੱਚਾ ਅਤੇ ਉਸ ਦੇ ਪਰਿਵਾਰ ਨੂੰ ਉਪਲੱਬਧ ਕੀਤੇ ਜਾਣ ਵਾਲੇ ਵਰਤਾਰੇ ਦੀ ਗੁਣਵੱਤਾ, ਉਸ ਦੀ ਜਾਤ, ਧਰਮ ਰਾਸ਼ਟਰੀਅਤਾ ਜਾਂ ਨਾਗਰਿਕਤਾ ਦੇ ਸੰਬੰਧ ਵਿੱਚ।
7. ਬੱਚੇ ਨੂੰ ਉਪਲੱਬਧ ਵਿਦਿਅਕ ਅਤੇ ਵੋਕੇਸ਼ਨਲ ਸੁਵਿਧਾਵਾਂ ਅਤੇ ਅਵਸਰ ਦੀ ਗੁਣਵੱਤਾ।
8. ਸਰਕਾਰ, ਕਾਨੂੰਨ ਅਤੇ ਸਮਾਜ ਦੇ ਸੰਗਠਨ ਦੀ ਗੁਣਵੱਤਾ, ਜਿਸ ਨਾਲ ਬੱਚਾ ਸੰਬੰਧਤ ਹੁੰਦਾ ਹੈ।
9. ਦੇਸ਼ ਦੁਆਰਾ ਮਾਣੇ ਜਾਣ ਵਾਲੀ ਸ਼ਕਤੀ ਅਤੇ ਰੁਤਬੇ ਦੀ ਗੁਣਵੱਤਾ, ਜਿਸ ਨਾਲ ਬੱਚਾ ਸੰਬੰਧਤ ਹੈ।

## ਆਪਣੀ ਪ੍ਰਗਤੀ ਦੀ ਪਰਖ ਕਰੋ-6

ਨੋਟ




ਦੋ ਪ੍ਰਮੁੱਖ ਕਾਰਕਾਂ ਦਾ ਵਿਸਤਾਰ ਕਰੋ ਜਿਹੜੇ ਕਿ ਬੱਚਿਆਂ ਦੇ ਵਾਧੇ ਅਤੇ ਵਿਕਾਸ ਨੂੰ ਪ੍ਰਭਾਵਤ ਕਰਦੇ ਹਨ (75 ਸ਼ਬਦਾਂ 'ਚ)।

________________________________________________________________
________________________________________________________________
________________________________________________________________
___________________________________

## 1.6 ਵਾਧਾ ਅਤੇ ਵਿਕਾਸ ਦੇ ਪੜਾਅ

ਵਾਧਾ ਅਤੇ ਵਿਕਾਸ ਦੇ ਪੜਾਵਾਂ ਦੀ ਦੋ ਉਪ-ਖੰਡਾਂ ਵਿੱਚ ਚਰਚਾ ਕੀਤੀ ਜਾਂਦੀ ਹੈ ਇੱਕ ਸਟਾਈਲ ਅਤੇ ਉਨ੍ਹਾਂ ਦੇ ਭਾਵ-ਅਰਥ ਉੱਪਰ ਅਤੇ ਦੂਜੇ ਅਧਿਆਪਨ ਅਤੇ ਸਿੱਖਣ ਲਈ ਉਨ੍ਹਾਂ ਦੇ ਭਾਵ-ਅਰਥ।

### 1.6.1 ਬਾਲਪਣ ਤੋਂ ਬਾਲ ਅਵਸਥਾ ਤੱਕ ਵਾਧੇ ਦੇ ਪੜਾਅ ਅਤੇ ਉਨ੍ਹਾਂ ਦੇ ਭਾਵ

ਵਿਕਾਸ ਦੇ ਕੁਝ ਪੜਾਅ ਨਿਮਨ ਹਨ

I) ਜਨਮ ਤੋਂ 2 ਸਾਲ : ਬਾਲਪਣ

II) 2 ਸਾਲ ਤੋਂ 6 ਸਾਲ : ਸ਼ੁਰੂਆਤੀ ਬਾਲ ਅਵਸਥਾ

III) 6 ਸਾਲ ਤੋਂ 12 ਸਾਲ : ਮਗਰਲੀ ਬਾਲ ਅਵਸਥਾ

IV) 12 ਸਾਲ ਤੋਂ 19 ਸਾਲ : ਕਿਸ਼ੋਰ ਅਵਸਥਾ

ਆਓ ਅਸੀਂ ਇਨ੍ਹਾਂ ਪੜ੍ਹਾਵਾਂ ਨੂੰ ਵਿਸਤਾਰ 'ਚ ਵਿਚਾਰੀਏ:

## I) ਬਾਲਪਣ : ਜਨਮ ਤੋਂ 2 ਸਾਲ

ਨੋਟ

### ਭੌਤਿਕ ਵਿਕਾਸ:

ਬਾਲਪਣ ਵਿੱਚ ਇੱਕ ਬੱਚਾ ਕਈ ਢੰਗਾਂ ਨਾਲ ਬੇਹੱਦ ਤੇਜ਼ੀ ਨਾਲ ਵਿਕਾਸ ਕਰਦਾ ਹੈ। ਬੱਚੇ ਆਪਣੇ ਆਲੇ-ਦੁਆਲੇ ਦੇ ਵਾਤਾਵਰਣ ਨਾਲ ਪਰਸਪਰ ਕਿਰਿਆ ਕਰਨਾ ਸਿੱਖਣ ਲਈ ਬੋਧ ਇੰਦਰੀਆਂ ਦੀ ਵਰਤੋਂ ਕਰਦੇ ਹਨ ਅਤੇ ਉਨ੍ਹਾਂ ਦਾ ਸਰੀਰ ਮਜਬੂਤ ਤੇ ਪ੍ਰੌਢ ਹੋ ਜਾਂਦਾ ਹੈ। ਇੱਕ ਢੰਗ ਜਿਸ ਨਾਲ ਬੱਚੇ ਆਪਣੇ ਸਰੀਰ ਦੀ ਵਰਤੋਂ ਸਿੱਖਦੇ ਹਨ, ਉਹ ਵੱਡੇ ਸਰੀਰਕ ਕੰਮ ਜਾਂ ਫੇਰ ਕੁੱਲ ਪ੍ਰੇਰਕ ਹੁਨਰਾਂ ਨੂੰ ਹਾਸਲ ਕਰਨਾ ਸਿੱਖਣ ਦੁਆਰਾ ਹੈ, ਜਿਵੇਂ ਕਿ ਰਿੜ੍ਹਨਾ ਅਤੇ ਚੱਲਣਾ। ਇੱਕ ਬਾਲ ਭੌਤਿਕ ਮੀਲ ਪੱਥਰਾਂ ਦੀ ਇੱਕ ਲੜੀ ਨੂੰ ਪਾਰ ਕਰਦਾ ਹੈ ਜਿਹੜੇ ਕਿ ਉਸ ਨੂੰ ਵਧੇਰੇ ਮੁਸ਼ਕਲ ਅਤੇ ਜਟਿਲ ਕਿਰਿਆਵਾਂ ਨੂੰ ਕਾਮਯਾਬੀ ਨਾਲ ਸਿੱਖਣ ’ਚ ਮਦਦ ਲਈ ਹੁੰਦੇ ਹਨ। ਵਿਸ਼ੇਸ਼ ਤੌਰ ’ਤੇ ਪ੍ਰਮੁੱਖ ਭੌਤਿਕ ਹੁਨਰਾਂ ਦਾ ਵਿਕਾਸ ਇੱਕ ਸ਼ੈਲੀ ਦਾ ਅਨੁਸਰਣ ਕਰਦਾ ਹੈ ਜਿਹੜਾ ਕਿ ਸਿਰ ਨੂੰ ਫੜਨ ਤੋਂ ਸ਼ੁਰੂ ਹੋ ਕੇ ਲੁੜਕਣ ਬੈਠਣ, ਰਿੜ੍ਹਨ ਅਤੇ ਖੜ੍ਹਨ ਵੱਲ ਲਿਜਾਂਦੇ ਹਨ ਅਤੇ ਅਖੀਰ ਵਿੱਚ ਚੱਲਣ ’ਚ ਪਰਿਣਾਮਤ ਹੁੰਦਾ ਹੈ। ਸਿਰ ਦਾ ਚੁੱਕਣਾ ਅਤੇ ਬਾਹਾਂ ਨੂੰ ਧੱਕਣਾ ਬੱਚੇ ਦੀ ਜ਼ਿੰਦਗੀ ਦੇ 2 ਤੋਂ 3 ਮਹੀਨਿਆਂ ਦੌਰਾਨ ਹੁੰਦਾ ਹੈ। ਲੁੜਕਣਾ ਚਾਰ ਮਹੀਨਿਆਂ ਦੇ ਅੰਦਰ ਹੁੰਦਾ ਹੈ ਅਤੇ ਛੇਵੇਂ ਮਹੀਨੇ ਤੱਕ ਤਕਰੀਬਨ ਸਾਰੇ ਬੱਚੇ ਬਗੈਰ ਮਦਦ ਦੇ ਬੈਠਣਾ ਸਿੱਖ ਲੈਂਦੇ ਹਨ। ਰਿੜ੍ਹਨਾ ਸੱਤ ਅਤੇ ਦੱਸ ਮਹੀਨਿਆਂ ਦਰਮਿਆਨ ਹੁੰਦਾ ਹੈ ਅਤੇ 10 ਮਹੀਨਿਆਂ ਤੋਂ ਕੁਝ ਸਮਾਂ ਬਾਅਦ, ਇੱਕ ਬੱਚਾ ਖੜ੍ਹਨਾ ਸਿੱਖਦਾ ਹੈ ਅਤੇ ਆਪਣੇ ਪਹਿਲੇ ਕਦਮ ਚੁਕਦਾ ਹੈ। ਜਨਮ ਦੇ ਤੁਰੰਤ ਬਾਅਦ ਇੱਕ ਬੱਚੇ ਦਾ ਆਪਣੇ ਪੱਠਿਆਂ ਉੱਪਰ ਨਿਯੰਤ੍ਰਣ ਬਹੁਤ ਹੀ ਘੱਟ ਹੁੰਦਾ ਹੈ। ਇਸ ਤੋਂ ਪਹਿਲਾਂ ਕਿ ਕੋਈ ਹੋਰ ਭੌਤਿਕ ਹੁਨਰਾਂ ਉੱਪਰ ਮੁਹਾਰਤ ਕੀਤੀ ਜਾ ਸਕੇ, ਉਸ ਨੂੰ ਆਪਣਾ ਸਿਰ ਚੁੱਕਣਾ ਅਤੇ ਟਿਕਾਉਣਾ ਆਉਣਾ ਸਿੱਖਣਾ ਜ਼ਰੂਰੀ ਹੁੰਦਾ ਹੈ। ਬਾਂਹ ਅਤੇ ਲੱਤ ਦਾ ਵਿਕਾਸ ਅਕਸਰ ਇੱਕ ਬੱਚੇ ਨੂੰ ਪ੍ਰਾਕ੍ਰਿਤਕ ਤੌਰ ’ਤੇ ਉਸ ਸਮੇਂ ਹੁੰਦਾ ਹੈ ਜਦੋਂ ਉਹ ਆਪਣੇ ਅੰਗਾਂ ਨੂੰ ਖਿੱਚਦਾ ਅਤੇ ਸਿਰਕਦਾ ਹੈ। ਬਿਹਤਰ ਪ੍ਰੇਰਕ ਹੁਨਰ , ਐਨੇ ਅਹਿਮ ਹੁੰਦੇ ਹਨ ਜਿੰਨੇ ਕਿ ਵੱਡੇ ਪੱਠਿਆਂ ਦਾ ਵਿਕਾਸ, ਵਿੱਚੋਂ ਦੀ ਲੰਘਣਾ ਹੈ। ਬਾਲ ਅਕਸਰ ਸਭ ਤੋਂ ਪਹਿਲਾਂ 4 ਤੋਂ 5 ਮਹੀਨਿਆਂ ਦੀ ਉਮਰ ਵਿੱਚ ਇੱਕ ਖਿਡੌਣੇ ਨੂੰ ਕਸ ਕੇ ਫੜ ਸਕਦਾ ਹੈ। 9 ਤੋਂ 12 ਮਹੀਨਿਆਂ ਦਰਮਿਆਨ ਬਾਲ ਦੀ ਸਮਝ ਦੀ ਪਕੜ ਵਿਕਸਤ ਹੁੰਦੀ ਹੈ, ਜਿਹੜੀ ਕਿ ਪੂਰੇ ਹੱਥ ਦੇ ਨਾਲ ਫੜਨ ਦੀ ਬਜਾਇ ਆਪਣੀਆਂ ਪਹਿਲੀਆਂ ਦੋ ਉਂਗਲਾਂ ਨਾਲ ਕਿਸੇ ਚੀਜ਼ ਨੂੰ ਫੜਨਾ ਹੁੰਦਾ ਹੈ। ਜ਼ਿੰਦਗੀ ਦੇ ਦੂਜੇ ਸਾਲ ਵਿੱਚ ਬੱਚੇ ਵਧੇਰੇ ਗਤੀਸ਼ੀਲ ਅਤੇ ਵਧੇਰੇ ਫੁਰਤੀਲੇ ਹੁੰਦੇ ਹਨ। 15 ਮਹੀਨੇ ਦੇ ਨੇੜੇ-ਤੇੜੇ ਬੱਚਾ ਪੌੜੀਆਂ, ਉੱਚੀਆਂ ਕੁਰਸੀਆਂ ਅਤੇ ਫਰਨੀਚਰ ’ਤੇ ਚੜ੍ਹਨਾ ਸ਼ੁਰੂ ਕਰ ਦਿੰਦਾ ਹੈ, ਪ੍ਰੰਤੂ ਉਹ ਅਜੇ ਜਦੋਂ ਇੱਕ ਵਾਰ ਉੱਪਰ ਚੜ੍ਹ ਜਾਂਦੇ ਹਨ, ਹੇਠਾਂ ਉਤਰ ਨਹੀਂ ਸਕਦੇ। 18 ਮਹੀਨਿਆਂ ਦੇ ਕਰੀਬ ਬੱਚਿਆਂ ਦਾ ਸੰਤੁਲਨ ਹੋਰ ਵਧੇਰੇ ਸਥਿਰ ਹੋ ਜਾਂਦਾ ਹੈ ਕਿਉਂਕਿ ਉਹ ਵਸਤਾਂ ਦੇ ਦੁਆਲੇ ਆਪਣੇ ਪੈਰਾਂ ’ਤੇ ਆਸਾਨੀ ਨਾਲ ਘੁੰਮ ਸਕਦੇ ਹਨ ਅਤੇ ਪਿਛਾਂਹ ਨੂੰ ਤੁਰਨਾ, ਆਸੇ-ਪਾਸੇ, ਘੇਰਿਆਂ ’ਚ ਘੁੰਮਣਾ ਅਤੇ ਇੱਥੋਂ ਤੱਕ ਕਿ ਦੌੜਨਾ ਵੀ ਸ਼ੁਰੂ ਕਰ ਦਿੰਦੇ ਹਨ। ਆਪਣੀ ਉਮਰ ਦਾ ਦੋ ਸਾਲ ਪੂਰਾ ਕਰਦਿਆਂ ਬੱਚੇ ਜਟਿਲ ਪ੍ਰੇਰਕ ਹੁਨਰਾਂ ਨੂੰ ਵਿਕਸਤ ਕਰਨਾ ਸ਼ੁਰੂ ਕਰ ਦਿੰਦੇ ਹਨ ਜਿਵੇਂ ਕਿ ਦੂਰ ਤੋਂ ਕਿਸੇ ਚੀਜ਼ ਨੂੰ ਸੁੱਟਣਾ ਅਤੇ ਲੱਤ ਮਾਰਨੀ

ਨੋਟ

ਆਦਿ। 24 ਮਹੀਨਿਆਂ ਦੇ ਆਸ ਪਾਸ ਉਹ ਇੱਕ ਥਾਂ 'ਤੇ ਕੁੱਦ ਸਕਦੇ ਹਨ ਅਤੇ ਸੰਤੁਲਨ ਕਰ ਸਕਦੇ ਹਨ ਨਾਲ ਹੀ ਕੁੱਦ ਕੇ ਇੱਕ ਪੈਰ ਉੱਪਰ ਸੰਤੁਲਨ ਕਰ ਸਕਦੇ ਹਨ ਅਤੇ ਆਪਣੀ ਸਾਈਕਲ ਨੂੰ ਚਲਾਉਣ ਜੋਗੇ ਵੀ ਹੋ ਜਾਂਦੇ ਹਨ। ਦੂਜੇ ਸਾਲ ਦੇ ਅੰਤ ਵਿੱਚ ਬੱਚੇ ਬਹੁਤ ਗਤੀਸ਼ੀਲ ਹੋ ਜਾਂਦੇ ਹਨ ਅਤੇ ਇੱਕ ਥਾਂ ਤੋਂ ਦੂਜੀ ਥਾਂ ਤੇਜ਼ੀ ਨਾਲ ਦੌੜ ਅਤੇ ਚੱਲ ਸਕਦੇ ਹਨ।

## ਭਾਸ਼ਾ ਵਿਕਾਸ

ਜਦੋਂ ਬੱਚਿਆਂ ਦਾ ਪਹਿਲਾਂ ਜਨਮ ਹੁੰਦਾ ਹੈ ਉਹ ਆਪਣਾ ਸੰਚਾਰ ਬਹੁਤਾ ਚੀਜ਼ਾਂ ਨਾਲ (ਰੋ ਕੇ) ਹੀ ਕਰਦੇ ਹਨ। ਉਹ ਇਹ ਦੱਸਣ ਲਈ ਰੋਂਦੇ ਹਨ ਕਿ ਉਹ ਭੁੱਖੇ, ਥੱਕੇ ਜਾਂ ਅਸਹਿਜ ਹਨ; ਜਾਂ ਫੇਰ ਡਾਈਪਰ ਗੰਦਾ ਹੋ ਗਿਆ ਹੈ। ਜਾਂ ਫੇਰ ਦਰਦ ਮਹਿਸੂਸ ਕਰ ਰਹੇ ਹਨ ਜਾਂ ਫੇਰ ਧਿਆਨ ਜਾਂ ਲਾਡ ਮੰਗਦੇ ਹਨ। ਭਾਵੇਂ ਕਿ ਬਾਲ ਜਨਮ ਤੋਂ ਹੀ ਬੋਲਣ ਵਾਲੀ ਭਾਸ਼ਾ ਬਾਰੇ ਸਿੱਖ ਰਹੇ ਹੁੰਦੇ ਹਨ। ਜਿਵੇਂ ਕਿ ਉਨ੍ਹਾਂ ਦੇ ਪਾਲਣ ਉਨ੍ਹਾਂ ਦੇ ਚਿਹਰੇ ਤੋਂ 8-10 ਇੰਚ ਦੀ ਦੂਰੀ 'ਤੇ ਉਨ੍ਹਾਂ ਨਾਲ ਗੱਲਬਾਤ ਕਰਦੇ ਹਨ ਉਹ ਆਪਣੇ ਪਾਲਕ ਦੇ ਚਿਹਰੇ ਵਾਂਗ ਨਕਲ ਕਰਦੇ ਹਨ। 2 ਤੋਂ 3 ਮਹੀਨਿਆਂ ਦੀ ਉਮਰ ਵਿੱਚ ਬੱਚੇ ਆਵਾਜ਼ਾਂ ਖੁਸ਼ੀ ਜਾਂ ਉੱਤੇਜਕਾ ਦਰਸਾਉਣ ਲਈ ਕਰਦੇ ਹਨ। ਤਿੰਨ ਤੋਂ ਚਾਰ ਮਹੀਨਿਆਂ ਅੰਦਰ ਬੱਚੇ ਵਧੇਰੇ ਸੁਰ ਆਵਾਜ਼ਾਂ ਕੱਢਦੇ ਹਨ ਅਤੇ b,k,m,g ਅਤੇ p ਦੀਆਂ ਸਮਸੁਰ ਆਵਾਜ਼ਾਂ ਕੱਢਦੇ ਹਨ। ਚਾਰ ਮਹੀਨੇ ਤੱਕ ਦਾ ਬੱਚਾ ਸੁਰ ਆਵਾਜ਼ਾਂ ਅਤੇ ਸਮਸੁਰ ਆਵਾਜ਼ਾਂ ਨੂੰ ਇੱਕਠਿਆਂ ਕਰਕੇ 'ਗਾਗਾ' ਤੇ 'ਆਫੂ' ਜਿਹੇ ਊਲ ਜਲੂਲ ਸ਼ਬਦ ਕੱਢਦੇ ਹਨ, ਜਿਉਂ ਹੀ ਉਹ ਇਹ ਅਨੁਭਵ ਕਰਨਾ ਸ਼ੁਰੂ ਕਰਦੇ ਹਨ ਕਿ ਕਿਵੇਂ ਧੁਨੀਆਂ ਲੂੰ ਇਕੱਠਿਆਂ ਜੋੜਿਆ ਜਾ ਸਕਦਾ ਹੈ। ਇਸੇ ਉਮਰ ਦੇ ਲਗਭਗ ਬੱਚੇ ਆਪਣੇ ਬੁੱਲਾਂ ਨਾਲ ਫੂਕ ਮਾਰ ਸਕਦੇ ਹਨ ਅਤੇ ਬੁਲਬੁਲੇ ਉਡਾ ਸਕਦੇ ਹਨ, ਆਪਣੇ ਬੁੱਲਾਂ ਅਤੇ ਮੂੰਹਾਂ ਨੂੰ ਵਰਤ ਕੇ ਅਤੇ ਨਿਯੰਤ੍ਰਣ ਕਰਕੇ। 5 ਮਹੀਨਿਆਂ ਦੀ ਉਮਰ ਵਿੱਚ ਬੱਚੇ ਸੰਗੀਤਕ ਆਵਾਜ਼ਾਂ ਅਤੇ ਆਪਣੇ ਪਾਲਕ ਦੀ ਸੁਭਾਵਕ ਭਾਸ਼ਾ ਦੀ ਬੋਲਣ ਸ਼ੈਲੀਆਂ ਨੂੰ ਸਿੱਖ ਜਾਂਦੇ ਹਨ। ਛੇ ਮਹੀਨੇ ਦੇ ਇਰਦ-ਗਿਰਦ ਉਹ ਤੁਤਲਾਉਣਾ ਸ਼ੁਰੂ ਕਰ ਦਿੰਦੇ ਹਨ। 7 ਮਹੀਨੇ ਤੱਕ ਬੱਚਾ ਵਾਰੀ-ਵਾਰੀ ਨਾਲ ਕੰਮ ਕਰਨਾ ਸ਼ੁਰੂ ਕਰ ਦਿੰਦਾ ਹੈ, "ਦੂਜਿਆਂ ਨਾਲ ਬੋਲਣਾ", ਬਜਾਇ ਕਿ ਉਸੇ ਸਮੇਂ ਬੋਲਣਾ ਜਿਵੇਂ ਕਿ ਦੂਜੇ ਕਰਦੇ ਹਨ। ਇਸੇ ਦੌਰਾਨ ਬੱਚੇ ਪਾਲਕਾਂ ਵੱਲੋਂ ਕੱਢੀ ਜਾਂਦੀ ਆਵਾਜ਼ ਦੀ ਨਕਲ ਵੀ ਕਰਨਗੇ, ਖਾਸਕਰ ਪਸ਼ੂਆਂ ਦੀ ਆਵਾਜ਼ ਜਿਵੇਂ ਕਿ 'ਮੂ' (ਗਾਂ ਦੀ ਆਵਾਜ਼)। 8 ਮਹੀਨਿਆਂ ਦੇ ਲਗਭਗ ਬੱਚਾ ਉਨ੍ਹਾਂ ਧੁਨੀਆਂ ਨੂੰ ਜੋੜਨਾ ਸ਼ੁਰੂ ਕਰ ਦਿੰਦਾ ਹੈ, ਜਿਹੜੀ ਕਿ ਉਹ ਅਤੇ ਉਸ ਦਾ ਪਾਲਕ ਅਸਲ ਵਿਚਾਰਾਂ ਅਤੇ ਚਿੰਨ੍ਹਾਂ ਪ੍ਰਤੀ ਬਣਾਉਂਦੇ ਹਨ ਜਿਹੜੇ ਕਿ ਉਹ ਅਤੇ ਉਸਦਾ ਪਾਲਕ ਅਸਲ ਵਿਚਾਰਾਂ ਅਤੇ ਚਿੰਨ੍ਹਾਂ ਪ੍ਰਤੀ ਬਣਾਉਂਦੇ ਹਨ ਜਿਹੜੇ ਕਿ ਸਰਬਵਿਆਪਕ ਸਮਝੇ ਜਾਂਦੇ ਹਨ। ਮਿਸਾਲ ਦੇ ਤੌਰ 'ਤੇ ਜਦੋਂ ਇੱਕ ਬੱਚਾ ਸ਼ਬਦ 'ਦੁੱਧ' ਸੁਣਦਾ ਹੈ, ਉਸ ਨੂੰ ਪਤਾ ਹੈ ਕਿ ਉਸ ਨੂੰ ਦੁੱਧ ਦੀ ਬੋਤਲ ਤੁਰੰਤ ਮਿਲ ਜਾਵੇਗੀ, ਉਸ ਨੂੰ ਪਤਾ ਹੈ ਜਦੋਂ ਉਹ 'ਬੱਬ' ਕਹੇਗਾ, ਉਸ ਨੂੰ ਉਸ ਦਾ ਪਿਆਰਾ ਖੇਡਣ ਵਾਲਾ 'ਟੈਡੀ ਬੀਅਰ' ਮਿਲ ਜਾਵੇਗਾ। ਜ਼ਿੰਦਗੀ ਦਾ ਇੱਕ ਸਾਲ ਖਤਮ ਹੋਣ ਦੇ ਨੇੜੇ ਬੱਚੇ ਸਾਰੇ ਭਾਸ਼ਾ ਪਾਠਾਂ ਨੂੰ ਇੱਕਠਿਆਂ ਕਰਨਾ ਸ਼ੁਰੂ ਕਰ ਦਿੰਦੇ ਹਨ ਜਿਹੜੀ ਉਨ੍ਹਾਂ ਹੁਣ ਤੱਕ ਸਿੱਖੀ ਹੁੰਦੀ ਹੈ। 9 ਤੋਂ 12 ਮਹੀਨਿਆਂ ਤੱਕ ਦੀ ਉਮਰ ਵਿੱਚ ਬੱਚੇ ਆਪਣਾ ਅਸਲ ਸ਼ਬਦ ਬੋਲਣਾ ਸ਼ੁਰੂ ਹੋ ਜਾਂਦੇ ਹਨ, ਜਿਵੇਂ ਕਿ 'ਮਾਮਾ'-'ਦਾਦਾ' ਆਦਿ। ਇਸ ਮਿਆਦ ਦੌਰਾਨ ਉਹ ਆਪਣੀ ਸ਼ਬਦਾਵਲੀ ਵਿੱਚ ਸਹਿਜੇ-ਸਹਿਜੇ ਹੋਰ ਸ਼ਬਦ ਵੀ ਜੋੜ ਸਕਦੇ ਹਨ। 12 ਮਹੀਨਿਆਂ ਦੀ ਉਮਰ ਵਿੱਚ, ਕਈ ਬੱਚੇ ਆਪਣੀ ਸ਼ਬਦਾਵਲੀ ਵਿੱਚ 2-3 ਸ਼ਬਦ ਜੋੜ ਸਕਦੇ ਹਨ ਜਦਕਿ ਹੋਰ ਦਰਜਨ ਦੇ ਕਰੀਬ। ਛੋਟੇ ਬੱਚੇ ਦੇ ਤੌਰ 'ਤੇ ਆਪਣੀ ਉਮਰ ਦੇ ਦੂਜੇ ਨਾਲ

ਵਿੱਚ ਪ੍ਰਵੇਸ਼ ਹੁੰਦੇ ਹਨ ਉਨ੍ਹਾਂ ਦੀ ਭਾਸ਼ਾ ਵਰਤੋਂ ਦੀ ਯੋਗਤਾ ਵੱਧ ਜਾਂਦੀ ਹੈ। ਉਹ ਸ਼ਬਦ ਹਾਸਲ ਕਰਨਾ ਜਾਰੀ ਰੱਖਦੇ ਹਨ ਅਤੇ ਜਿਹੜੇ ਉਹ ਸਮਝਦੇ ਹਨ, ਉਨ੍ਹਾਂ ਸ਼ਬਦਾਂ ਦੀ ਸੰਖਿਆ। ਉਹ ਸ਼ਬਦ ਸਿੱਖਦੇ ਹਨ ਜਿਹੜੇ ਕਿ ਉਨ੍ਹਾਂ ਲਈ ਵਿਸ਼ੇਸ਼ ਜਾਂ ਅਹਿਮੀਅਤ ਭਰਪੂਰ ਹੁੰਦੇ ਹਨ। ਜਿਵੇਂ ਕਿ ਮਨਚਿੰਦੇ ਖਿਡੌਣਿਆਂ ਦੇ ਨਾਂ, ਲੋਕਾਂ ਦੇ ਨਾਂ। ਦੂਜੇ ਸਾਲ ਦੇ ਆਖਰੀ ਅੱਧ ਵਿੱਚ ਬੱਚੇ ਦੀ ਭਾਸ਼ਾ ਵਰਤਣ ਦੀ ਯੋਗਤਾ ਹੋਰ ਵਧੇਰੇ ਸਭਿਅ ਹੋ ਜਾਂਦੀ ਹੈ। 18 ਤੋਂ 24 ਮਹੀਨਿਆਂ 'ਚ ਬੱਚੇ ਦੋ-ਤਿੰਨ ਸ਼ਬਦਾਂ ਨੂੰ ਇਕੱਠਿਆਂ ਕਰਕੇ ਛੋਟੇ ਵਾਕ ਬਣਾਉਣ ਦਾ ਜਤਨ ਕਰਦੇ ਹਨ, ਜਿਸ ਨੂੰ ਕਿ 'ਟੈਲੀਗ੍ਰਾਫਿਕ ਸਪੀਚ' ਕਿਹਾ ਜਾਂਦਾ ਹੈ। ਬੱਚੇ 20 ਮਹੀਨਿਆਂ ਤੱਕ 50 ਦੇ ਲਗਭਗ ਸ਼ਬਦ ਜਾਣ ਸਕਦੇ ਹਨ ਜਦਕਿ 24 ਮਹੀਨਿਆਂ 'ਚ 100 ਤੋਂ ਵੱਧ ਸ਼ਬਦ।

## ਸੰਗਿਆਨਕ ਵਿਕਾਸ

ਬੱਚੇ ਪਹਿਲੇ ਦੋ ਸਾਲ ਦੀ ਉਮਰ ਤੱਕ ਸਿਰਫ਼ ਸਰੀਰਕ ਤੌਰ 'ਤੇ ਹੀ ਵੱਡੇ ਨਹੀਂ ਹੁੰਦੇ ਸਗੋਂ ਸੰਗਿਆਨਕ (ਮਾਨਸਿਕ) ਤੌਰ 'ਤੇ ਵੀ। ਜਦਕਿ ਸਰੀਰਕ ਵਾਧਾ ਅਤੇ ਪਰਿਵਰਤਨ ਅਸਾਨੀ ਨਾਲ ਸੁਨਿਸ਼ਚਤ ਤੌਰ 'ਤੇ ਪ੍ਰੇਖਤ ਅਤੇ ਮਾਪਿਆ ਜਾ ਸਕਦਾ ਹੈ ਜਿਵੇਂ ਕਿ ਇੰਚਾਂ ਅਤੇ ਪਾਉਂਡਾਂ 'ਚ, ਸੰਗਿਆਨਕ ਪਰਿਵਰਤਨ ਅਤੇ ਵਿਕਾਸ ਸਪਸ਼ਟ ਤੌਰ 'ਤੇ ਨਿਰਧਾਰਤ ਕਰਨਾ ਥੋੜ੍ਹਾ ਮੁਸ਼ਕਲ ਹੁੰਦਾ ਹੈ, ਇਸ ਤਰ੍ਹਾਂ ਮਾਹਰ ਜਿੰਨਾ ਕੁ ਮਾਨਸਿਕ ਅਤੇ ਸੰਗਿਆਨਕ ਵਿਕਾਸ ਬਾਰੇ ਜਾਣਦੇ ਹਨ, ਉਹ ਵਿਕਾਸਤਮਕ ਸਿਧਾਂਤਵਾਦੀਆਂ ਅਤੇ ਉਨ੍ਹਾਂ ਦੇ ਸਿਧਾਂਤਾਂ ਦੇ ਧਿਆਨਪੂਰਵਕ ਪ੍ਰੇਖਣ ਉੱਪਰ ਆਧਾਰਤ ਹੈ ਜਿਵੇਂ ਕਿ ਪਿਆਗੇਟ ਦਾ ਸੰਗਿਆਨਕ ਸਿਧਾਂਤ ਅਤੇ ਐਰਿਕਬਨ ਦਾ ਮਨੋਸਮਾਜਿਕ ਪੜਾਅ। ਪਿਆਗੇਟ ਮੁਤਾਬਕ ਨਵਜਨਮੇ ਆਪਣੇ ਵਾਤਾਵਰਣ ਨਾਲ ਪੂਰੀ ਤਰ੍ਹਾਂ ਨਿਜਵਾਚਕ ਵਿਵਹਾਰ ਨਾਲ ਪਰਸਪਰ ਕਿਰਿਆ ਕਰਦੇ ਹਨ, ਉਹ ਇਹ ਨਹੀਂ ਸੋਚਦੇ ਕਿ ਉਹ ਕੀ ਕਰਨ ਜਾ ਰਹੇ, ਸਗੋਂ ਆਪਣੀ ਸੁਭਾਵਕ ਰੁਚੀ ਅਤੇ ਅਣਇੱਛਤ ਪ੍ਰਤਿਕਿਰਿਆਵਾਂ ਦਾ ਅਨੁਸਰਣ ਕਰਦੇ ਹਨ, ਜੋ ਉਹ ਚਾਹੁੰਦੇ ਹਨ, ਉਹ ਹਾਸਲ ਕਰਨ ਲਈ ਜਿਵੇਂ ਕਿ-ਭੋਜਨ, ਹਵਾ ਅਤੇ ਧਿਆਨ। ਪਿਆਗੇਟ ਮੰਨਦਾ ਸੀ ਕਿ ਜਿਵੇਂ ਹੀ ਬੱਚਾ ਵੱਡਾ ਹੋਣਾ ਸ਼ੁਰੂ ਹੁੰਦਾ ਹੈ ਅਤੇ ਆਪਣੀਆਂ ਗਿਆਨ ਇੰਦਰੀਆਂ ਦੁਆਰਾ ਆਪਣੇ ਵਾਤਾਵਰਣ ਬਾਰੇ ਸਿੱਖਦਾ ਹੈ, ਉਹ ਇੱਛਤ, ਟੀਚਾ ਨਿਰਧਾਰਤ ਵਿਵਹਾਰ ਵੱਲ ਰੁਝ ਜਾਂਦਾ ਹੈ। ਦੂਜੇ ਸ਼ਬਦਾਂ ਵਿੱਚ ਉਹ ਇਹ ਸੋਚਣਾ ਸ਼ੁਰੂ ਕਰ ਦਿੰਦੇ ਹਨ ਜਿਸ ਨੂੰ ਉਨ੍ਹਾਂ ਨੇਪਰੇ ਚਾੜ੍ਹਨਾ ਹੁੰਦਾ ਹੈ, ਕਿਵੇਂ ਕਰਨਾ ਹੈ, ਫੇਰ ਉਹ ਇਸ ਨੂੰ ਕਰਨਾ ਸ਼ੁਰੂ ਕਰਦੇ ਹਨ। ਇਹ ਵੀ ਉਦੋਂ ਜਦੋਂ ਬੱਚਾ ਆਪਦੀ ਪਕਿਆਈ ਵਿਕਸਤ ਕਰ ਲੈਂਦਾ ਹੈ, ਜਿਹੜੀ ਕਿ ਉਹ ਸਮਝਣ ਦੀ ਯੋਗਤਾ ਹੁੰਦੀ ਹੈ ਕਿ ਕੁਝ ਅਜੇ ਵੀ ਵਜੂਦ ਵਿੱਚ ਹੈ, ਭਾਵੇਂ ਕਿ ਇਹ ਅਜੇ ਵਿਖਾਈ ਨਹੀਂ ਦਿੰਦਾ। ਇਹ ਦੋ ਮੀਲ ਪੱਥਰ, ਟੀਚਾ ਨਿਰਧਾਰਤ ਵਿਵਹਾਰ ਅਤੇ ਪਦਾਰਥ ਪਕਿਆਈ, ਬੱਚੇ ਦੇ ਸੰਗਿਆਨਕ ਵਿਕਾਸ ਦੀਆਂ ਵਿਸ਼ੇਸ਼ਤਾਈਆਂ ਅਤੇ ਪ੍ਰਮੁੱਖ ਨਿਭਾਅ ਹਨ।

### ਭਾਵਨਾਤਮਕ/ਸਮਾਜ ਵਿਕਾਸ:

ਬੱਚੇ ਜਨਮ ਤੋਂ ਦਿਲਚਸਪੀ, ਪੀੜਾ, ਗਿਲਾਨੀ ਅਤੇ ਖੁਸ਼ੀ ਨੂੰ ਮਹਿਸੂਸ ਕਰ ਸਕਦਾ ਹੈ ਅਤੇ ਇਨ੍ਹਾਂ ਨੂੰ ਚਿਹਰੇ ਦੇ ਹਾਵ-ਭਾਵ ਅਤੇ ਸਰੀਰਕ ਮੁਦਰਾ ਰਾਹੀਂ ਸੰਚਾਰਤ ਕਰ ਸਕਦਾ ਹੈ। 2

ਨੋਟ

ਤੋਂ 3 ਮਹੀਨਿਆਂ ਦੀ ਉਮਰ ਦੇ ਇਰਦ-ਗਿਰਦ ਬੱਚਾ ਇੱਕ ਸਹਿਜ-ਸੁਭਾਵ 'ਸਮਾਜਿਕ ਮੁਸਕਾਣ' ਵਿਖਾਉਣੀ ਸ਼ੁਰੂ ਕਰ ਦਿੰਦਾ ਹੈ ਅਤੇ ਚਾਰ ਮਹੀਨੇ ਦੀ ਉਮਰ ਵਿੱਚ ਸਹਿਜ-ਸੁਭਾਵ ਹੱਸਣਾ ਸ਼ੁਰੂ ਕਰ ਦਿੰਦਾ ਹੈ। ਇਸ ਦੇ ਨਾਲ 2 ਤੋਂ 6 ਮਹੀਨੇ ਦੀ ਉਮਰ ਵਿੱਚ ਬੱਚੇ ਹੋਰ ਭਾਵਨਾਵਾਂ ਜਿਵੇਂ ਕਿ ਗੁੱਸਾ, ਉਦਾਸੀ, ਹੈਰਾਨੀ ਅਤੇ ਭੈਅ ਨੂੰ ਪ੍ਰਗਟਾਉਣਾ ਸ਼ੁਰੂ ਕਰਦੇ ਹਨ। 5 ਅਤੇ 6 ਮਹੀਨਿਆਂ ਵਿਚਾਲੇ ਬੱਚੇ ਅਣਜਾਣ ਬੇਚੈਨੀ (ਉਤਸੁਕਤਾ) ਪ੍ਰਗਟਾਉਣੀ ਸ਼ੁਰੂ ਕਰ ਦਿੰਦੇ ਹਨ। ਬਾਅਦ ਵਿੱਚ 6 ਮਹੀਨੇ ਦੇ ਲਗਭਗ ਬੱਚੇ ਭਾਵਨਾਵਾਂ ਅਤੇ ਪ੍ਰਗਟਾਵਿਆਂ ਦੀ ਨਕਲ ਕਰਨਾ ਸ਼ੁਰੂ ਕਰ ਦਿੰਦੇ ਹਨ ਜਿਹੜੇ ਕਿ ਉਹ ਹੋਰਨਾ ਵਿੱਚ ਵੇਖਦੇ ਹਨ। 8 ਤੋਂ 10 ਮਹੀਨਿਆਂ ਵਿੱਚ ਬੱਚੇ ਅਲਹਿਦਗੀ ਬੇਚੈਨੀ ਅਨੁਭਵ ਕਰਨਾ ਸ਼ੁਰੂ ਕਰ ਦਿੰਦੇ ਹਨ ਜਦੋਂ ਉਨ੍ਹਾਂ ਨੂੰ ਮੁੱਢਲੇ ਪਾਲਕਾਂ ਤੋਂ ਪਰਾਂ ਕੀਤਾ ਜਾਂਦਾ ਹੈ। 9 ਮਹੀਨਿਆਂ ਦੇ ਕਰੀਬ ਬੱਚਾ ਪਹਿਲਾਂ ਨਾ-ਖੁਸ਼ੀ ਅਤੇ ਉਦਾਸੀ ਵਿਖਾਉਣ ਲਈ ਮੱਥੇ ਵੱਟ ਪਾਉਣਾ ਸ਼ੁਰੂ ਕਰ ਦਿੰਦਾ ਹੈ। 9 ਤੋਂ 10 ਮਹੀਨਿਆਂ 'ਚ ਬੱਚਾ ਬਹੁਤ ਭਾਵੁਕ ਹੋ ਜਾਦਾ ਹੈ। ਉਹ ਤੀਬਰ ਖੁਸ਼ੀ ਤੋਂ ਤੀਬਰ ਉਦਾਸੀ/ਮਾਯੂਸੀ/ਗੁੱਸੇ ਵੱਲ ਛੇਤੀ ਹੀ ਚਲੇ ਜਾਂਦੇ ਹਨ। ਇਹ ਭਾਵਨਾਤਮਕ ਅਸਥਿਰਤਾ ਉਦੋਂ ਵੀ ਪ੍ਰਗਟ ਹੁੰਦੀ ਹੈ ਜਦੋਂ ਬੱਚਾ 11 ਮਹੀਨਿਆਂ ਦੀ ਉਮਰ ਦੇ ਇਰਦ-ਗਿਰਦ ਆਪਣੀਆਂ ਭਾਵਨਾਵਾਂ ਨੂੰ ਨਿਯਮਤ ਕਰਨ ਲਈ ਮੁੱਢਲੀਆਂ ਜੁਗਤਾਂ ਵਿਕਸਤ ਕਰਦਾ ਹੈ। ਬੱਚੇ ਦੀ ਹੋਰਨਾ ਦੀਆਂ ਭਾਵਨਾਵਾਂ ਨੂੰ ਸਮਝਣ ਦੀ ਸੂਝ ਵੀ ਵੱਧਦੀ ਹੈ। 12 ਮਹੀਨਿਆਂ ਦੀ ਉਮਰ ਦੇ ਲਗਭਗ ਬੱਚੇ ਨਾ ਸਿਰਫ਼ ਦੂਜਿਆਂ ਦੀਆਂ ਭਾਵਨਾਵਾਂ ਨੂੰ ਸਮਝਣ ਦੇ ਸਚੇਤ ਹੋ ਜਾਂਦੇ ਹਨ ਸਗੋਂ ਉਨ੍ਹਾਂ ਦੀਆਂ ਅਸਲ ਭਾਵਨਾਤਮਕ ਅਵਸਥਾਵਾਂ ਨੂੰ ਵੀ, ਖਾਸਕਰ ਪੀੜਾ। ਇਹ ਧਿਆਨ ਦੇਣਾ ਦਿਲਚਸਪ ਹੁੰਦਾ ਹੈ ਕਿ ਕਈ ਬੱਚੇ ਇਸ ਸਾਲ ਦੀ ਉਮਰ ਪੂਰੀ ਕਰਦਿਆਂ ਈਰਖਾ ਦਾ ਪ੍ਰਦਰਸ਼ਨ ਸ਼ੁਰੂ ਕਰ ਦਿੰਦੇ ਹਨ, ਲਗਭਗ 12 ਮਹੀਨਿਆਂ ਦੀ ਉਮਰ ਤੱਕ। ਬਾਲਪਣ ਵਿੱਚ ਹੀ ਦੂਜੇ ਸਾਲ ਦੇ ਅੰਤ ਵੱਲ ਗਤੀਸ਼ੀਲ ਹੋ ਜਾਂਦੇ ਹਨ, ਉਹ ਭਾਵਨਾਤਮਕ ਪ੍ਰਗਤੀ ਦੀ ਰਚਨਾ ਕਰਨੀ ਸ਼ੁਰੂ ਕਰ ਦਿੰਦੇ ਹਨ, ਜਿਹੜੀ ਕਿ ਉਹ ਪਹਿਲਾਂ ਹੀ ਤਿਆਰ ਕਰ ਚੁੱਕੇ ਹੁੰਦੇ ਹਨ। 13 ਤੋਂ 18 ਮਹੀਨਿਆਂ ਦੀ ਉਮਰ ਵਿਚਕਾਰ ਅਲਹਿਦਗੀ ਚਿੰਤਾ ਲੱਥ ਜਾਂਦੀ ਹੈ, ਜਿਵੇਂ ਹੀ ਪਕਿਆਈ ਵਿਕਸਤ ਹੁੰਦੀ ਹੈ ਅਤੇ ਉਹ ਸਮਝਦੇ ਹਨ ਕਿ ਉਨ੍ਹਾਂ ਦਾ ਪਾਲਕ ਗਿਆ ਨਹੀਂ ਹੈ ਕਿ ਭਾਵੇਂ ਕਿ ਉਹ ਉਨ੍ਹਾਂ ਨੂੰ ਵੇਖ ਨਹੀਂ ਸਕਦੇ। ਇਹ ਉਹ ਬਿੰਦੂ ਵੀ ਹੈ, ਜਿਸ ਦੌਰਾਨ ਬੱਚਾ ਪਰਿਵਰਤਨੀ ਵਸਤਾਂ ਦੀ ਵਰਤੋਂ ਸ਼ੁਰੂ ਕਰ ਸਕਦਾ ਹੈ, ਜਿਵੇਂ ਕਿ ਤੁੰਨੇ (ਭਰੇ) ਹੋਏ ਪਸ਼ੂ ਜਾਂ ਆਰਾਮ ਲਈ ਕੰਬਲ ਜਦੋਂ ਪਾਲਕ ਉਨ੍ਹਾਂ ਕੋਲ ਨਹੀਂ ਹੁੰਦਾ। ਬੱਚਾ ਆਮਤੌਰ 'ਤੇ ਇੱਕ ਹੋਰ ਭਾਵਨਾਤਮਕ ਬਿਖਮ ਸਮੇਂ ਵਿੱਚ 15 ਤੋਂ 18 ਮਹੀਨਿਆਂ ਦੀ ਉਮਰ 'ਚ ਪ੍ਰਵੇਸ਼ ਕਰਦਾ ਹੈ। ਇਸ ਸਮੇਂ ਦੌਰਾਨ ਉਹ ਖਿਝੂ ਅਤੇ ਆਸਾਨੀ ਨਾਲ ਮਾਯੂਸ ਹੋ ਸਕਦੇ ਹਨ ਅਤੇ ਇਸ ਭਾਵੁਕਤਾ ਨੂੰ ਦਰਸਾਉਣ ਲਈ ਬਦਮਿਜਾਜ਼ੀ ਵੀ ਵਿਖਾ ਸਕਦੇ ਹਨ।21 ਮਹੀਨਿਆਂ ਦੀ ਉਮਰ ਵਿੱਚ ਬੱਚੇ-ਸਵੈ-ਸਚੇਤਤਾ ਦੇ ਚਿੰਨ੍ਹ ਦਰਸਾਉਣਾ ਸ਼ੁਰੂ ਕਰ ਦਿੰਦੇ ਹਨ, ਜਦੋਂ ਕੁਝ ਕੰਮ ਕਰ ਰਹੇ ਹੁੰਦੇ ਹਨ ਜਾਂ ਫੇਰ ਪਾਲਕ ਦੀ ਮਨਜ਼ੂਰੀ ਲਈ ਨਵੀਂ ਸਥਿਤੀ ਭਾਲਦੇ ਹਨ। 2 ਸਾਲ ਦੀ ਉਮਰ ਤੱਕ ਬੱਚਾ ਭਾਵਨਾਵਾਂ ਦਾ ਇੱਕ ਵੱਡਾ ਦਾਇਰਾ ਵਿਖਾ ਸਕਦਾ ਹੈ ਅਤੇ ਆਪਣੀਆਂ ਭਾਵਨਾਵਾਂ ਨਾਲ ਪਾਬੰਦ ਕਰਨ ਅਤੇ ਮੁਕਾਬਲਾ ਕਰਨ ਲਈ ਬਿਹਤਰ ਹੁੰਦਾ ਜਾਂਦਾ ਹੈ। ਦਰਅਸਲ ਇਸ ਉਮਰ ਤੱਕ ਬੱਚਾ ਇੱਥੋਂ ਤੱਕ ਕਿ ਜੋ ਉਹ ਚਾਹੁੰਦੇ ਹਨ, ਹਾਸਲ ਕਰਨ ਲਈ ਭਾਵਨਾਵਾਂ ਦਾ ਢੌਂਗ ਵੀ ਕਰ ਸਕਦੇ ਹਨ। ਉਹ ਜਾਣਦੇ ਹਨ ਕਿ ਜੇਕਰ ਉਹ ਡਿੱਗ ਪੈਂਦੇ ਹਨ ਅਤੇ ਸੱਟ (ਭਾਵੇਂ ਕਿ ਨਾ ਹੀ ਲੱਗੀ ਹੋਵੇ) ਲੱਗਣ ਦਾ ਪੱਜ ਕਰਦੇ ਹਨ ਤਾਂ ਉਹ ਧਿਆਨ ਆਕਰਸ਼ਤ ਕਰਨ ਵਿੱਚ ਕਾਮਯਾਬ ਹੋਣਗੇ। ਹਾਲਾਂਕਿ ਉਹ ਅਕਸਰ ਉਨ੍ਹਾਂ ਹਾਲਤਾਂ ਵਿੱਚ ਅਪਸੈਟ (ਨਿਰਾਸ਼) ਵੀ ਹੋ ਜਾਂਦੇ ਹਨ ਜਿਹੜਾ ਕਿ ਉਨ੍ਹਾਂ ਦੀ ਨਿਯੰਤ੍ਰਣ ਦੀ ਸੂਝ ਨੂੰ ਵਿਘਨ ਪਾਉਂਦਾ ਹੈ

ਜਾਂ ਫੇਰ ਉਨ੍ਹਾਂ ਦੀ ਆਗਮ ਰੂਟੀਨ ਨੂੰ ਬਦਲ ਦਿੰਦਾ ਹੈ। ਆਪਣੇ ਦੂਜੇ ਜਨਮ ਦਿਨ ਦੇ ਨੇੜੇ-ਤੇੜੇ ਸਹੀ ਸਮਾਨ ਅਨੁਭੂਤੀ ਪ੍ਰਗਟ ਹੁੰਦੀ ਹੈ। ਉਹ ਉਸ ਦੀ ਸ਼ਨਾਖਤ ਦੇ ਯੋਗ ਹੋ ਜਾਂਦੇ ਹਨ ਜਦੋਂ ਉਨ੍ਹਾਂ ਕਿਸੇ ਨੂੰ ਕਿਸੇ ਤਰ੍ਹਾਂ ਦੁੱਖ ਪਹੁੰਚਾਇਆ ਹੋਵੇ ਅਤੇ ਖਿਮਾ ਮੰਗਣ ਦੇ ਯੋਗ ਨਹੀਂ ਹੁੰਦੇ ਹਨ।

ਨੋਟ

**II. ਸ਼ੁਰੂਆਤੀ ਬਾਲ ਅਵਸਥਾ (2 ਸਾਲ ਤੋਂ 6 ਸਾਲ)**

1. **ਸਰੀਰਕ ਵਿਕਾਸ:** 2 ਤੋਂ 6 ਸਾਲ ਦੀ ਉਮਰ ਦੌਰਾਨ ਭੌਤਿਕ ਵਿਮਾਵਾਂ 'ਚ ਵਾਧਾ ਐਨਾ ਤੇਜ਼ ਰਫ਼ਤਾਰੀ ਨਹੀਂ ਹੁੰਦਾ ਜਿੰਨਾ ਬਾਲਪਣ ਦੌਰਾਨ ਅਨੁਭਵ ਕੀਤਾ ਜਾਦਾ ਹੈ। ਬੱਚਾ ਇੱਕ ਬਾਲਗ ਦੇ ਸਰੀਰਕ ਅਨੁਪਾਤ ਦੀ ਕਲਪਨਾ ਕਰਨੀ ਸ਼ੁਰੂ ਕਰ ਦਿੰਦਾ ਹੈ। ਲੱਤਾਂ ਦਾ ਵਾਧਾ ਬਹੁਤ ਤੇਜ਼ ਹੁੰਦਾ ਹੈ, ਲੱਤਾਂ ਕਿਸੇ ਦੀ ਪੂਰੀ ਉਚਾਈ ਦੇ ਅੱਧੀਆਂ ਹੁੰਦੀਆਂ ਹਨ। ਸਿਰ ਦਾ ਵਾਧਾ ਧੀਮਾ ਹੁੰਦਾ ਹੈ ਜਦਕਿ ਧੜ ਦਾ ਵਾਧਾ ਮੱਧਮਾਨੀ। ਆਮਤੌਰ 'ਤੇ ਇੱਕ ਤਿੰਨ ਸਾਲਾ ਲੜਕੇ ਦਾ ਵਜ਼ਨ 38 ਪਾਊਂਡ ਹੁੰਦਾ ਹੈ ਅਤੇ ਲੰਬਾਈ 38 ਇੰਚ। ਲੜਕੀਆਂ ਕੁਝ ਹਲਕੀਆਂ ਤੇ ਛੋਟੀਆਂ। ਪੰਜ ਸਾਲ ਦੀ ਉਮਰ ਤੱਕ ਲੜਕਿਆਂ ਦੀ ਔਸਤ ਉੱਚਾਈ 43 ਇੰਚ ਅਤੇ ਔਸਤ ਵਜ਼ਨ 43 ਪਾਊਂਡ ਹੁੰਦਾ ਹੈ। ਉੱਚਾਈ ਅਤੇ ਵਜ਼ਨ ਕਈ ਪਰਿਵਰਤੀਆਂ ਉੱਪਰ ਨਿਰਭਰ ਕਰਦਾ ਹੈ, ਜਿਵੇਂ ਕਿ ਮਾਪਿਆਂ ਦੀ ਉੱਚਾਈ, ਆਹਾਰ ਅਤੇ ਬਿਮਾਰੀਆਂ ਆਦਿ। ਆਕਾਰ ਅਤੇ ਵਜ਼ਨ ਦੇ ਨਾਲ ਬੱਚਾ ਹੋਰ ਭੌਤਿਕ ਅਤੇ ਸਰੀਰਕ ਵਿਗਿਆਨਕ ਪਰਿਵਰਤਨਾਂ ਵਿੱਚੋਂ ਦੀ ਵੀ ਲੰਘਦਾ ਹੈ। ਪੱਠਿਆਂ ਦਾ ਵਿਕਾਸ ਬਹੁਤ ਤੇਜ਼ ਗਤੀ ਨਾਲ ਹੁੰਦਾ ਹੈ। ਵੱਡੇ ਪੱਠੇ ਛੋਟੇ ਪੱਠਿਆਂ ਦੀ ਤੁਲਨਾ ਵਿੱਚ ਬੇਹੱਦ ਬਿਹਤਰ ਵਿਕਸਤ ਹੁੰਦੇ ਹਨ। ਸਰੀਰਕ ਵਿਗਿਆਨਕ ਪਰਿਵਰਤਨ ਸੁਆਸ ਕਿਰਿਆ 'ਚ ਹੁੰਦਾ ਹੈ, ਦਿਲ ਦੀ ਧੜਕਣ ਦੀ ਦਰ ਘਟਦੀ ਹੈ ਅਤੇ ਖ਼ੂਨ ਦਾ ਦਬਾਅ ਬਰਾਬਰ ਉੱਪਰ ਨੂੰ ਜਾਂਦਾ ਹੈ। ਦਿਮਾਗ ਇਸ ਦੇ ਬਾਲਕ ਵਜ਼ਨ ਦਾ 90% ਵਿਕਸਤ ਹੋ ਜਾਂਦਾ ਹੈ। ਦਿਮਾਗੀ ਖੇਤਰ ਵਿੱਚ ਤੰਤੂ ਰੇਸ਼ੇ ਸਕੂਲਪੂਰਵ ਮਿਆਦ ਦੇ ਅੰਤ ਵਿੱਚ ਪਕਿਆਈ ਪੱਧਰ ਦੇ ਨੇੜੇ ਆ ਜਾਂਦੇ ਹਨ।

2. **ਬੌਧਾਤਮਕ ਵਿਕਾਸ:** ਸ਼ੁਰੂਆਤੀ ਬਾਲ ਅਵਸਥਾ ਵਿੱਚ ਬੱਚਾ ਪ੍ਰੇਰਕ ਹੁਨਰਾਂ ਦੀ ਵਿਭਿੰਨਤਾ ਨੂੰ ਵਿਕਸਤ ਕਰਦਾ ਹੈ ਜਿਨ੍ਹਾਂ ਨੂੰ ਬਾਅਦ ਵਿੱਚ ਦੁਹਰਾਇਆ ਜਾਦਾ ਹੈ। ਆਪੇ-ਖਾਣਾ, ਆਪੇ-ਕੱਪੜੇ ਪਾਉਣਾ, ਨਹਾਉਣਾ, ਕੰਘੀ ਕਰਨਾ, ਖਿਡੌਣਿਆਂ ਨਾਲ ਖੇਡਣਾ, ਪੈਨਸਿਲ ਦੀ ਵਰਤੋਂ, ਕੁੱਦਣਾ, ਝਾਕ ਰੱਖਣਾ ਆਦਿ 5 ਤੋਂ 6 ਸਾਲ ਤੱਕ ਦੀ ਉਮਰ ਵਿੱਚ ਵਿਕਸਤ ਹੁੰਦਾ ਹੈ। ਬੌਧਾਤਮਕ ਵਿਕਾਸ ਲੋਕ-ਲਹਿਰ ਤੋਂ ਵੱਖਰੇਵੇਂ ਅਤੇ ਸੰਯੋਜਨ ਤੋਂ ਸ਼ੁਰੂ ਹੁੰਦਾ ਹੈ। 2 ਤੋਂ 5 ਸਾਲ ਤੱਕ ਦੇ ਬੱਚਿਆਂ ਲਈ ਨੇਮਾਂ ਦੀ ਸਾਰਣੀ ਹੇਠਾਂ ਹੈ:

ਨੋਟ

ਵਿਕਾਸ ਦੇ ਪ੍ਰਤਿਮਾਨ

| ਪ੍ਰੇਰਕ | 2 ਸਾਲ | 3 ਸਾਲ | 4 ਅਤੇ 5 ਸਾਲ |
|---|---|---|---|
| ਵਿਕਾਸ | ਬਿਨਾਂ ਮਦਦ ਦੇ ਚਲਦਾ, ਕੁੱਦਦਾ ਅਤੇ ਦੌੜਦਾ ਹੈ | ਟੱਪਣਾ ਤੇ ਟੱਪੂਸੀ ਮਾਰਨਾ | ਸੰਗੀਤ ਪ੍ਰਤੀ ਮੁਕਤ ਅਤੇ ਕਿਰਿਆਸ਼ੀਲ ਹਰਕਤਾਂ |
| ਬਿਹਤਰ ਪ੍ਰੇਰਕ ਤਾਲਮੇਲ | ਨਕਲ ਕਰਨਾ | ਆਕਾਰਾਂ ਨੂੰ ਮੇਲਣਾ, ਸਮਾਨਤਾਵਾਂ ਅਤੇ ਭਿੰਨਤਾਵਾਂ ਨੂੰ ਵੇਖਣਾ | ਰੰਗਾਂ ਦੇ ਨਾਂ ਦੱਸ ਸਕਦਾ ਹੈ |
| ਬੌਧਾਤਮਕ | ਸਵੈ ਨੂੰ ਪਹਿਚਾਣਦਾ ਹੈ, ਰੰਗਾਂ ਨੂੰ ਮੇਲ ਕਰਦਾ ਹੈ | ਜਾਲੀਆਂ, ਬਕਸਿਆਂ ਨੂੰ ਫਿੱਟ ਕਰ ਸਕਦਾ ਹੈ | ਆਕਾਰ ਅਤੇ ਰੰਗਾਂ ਨੂੰ ਮੇਲ ਕਰਦਾ ਹੈ, ਨਾਵਾਂ ’ਚ ਭਿੰਨਤਾ ਕਰਦਾ ਹੈ। |
| ਸੁਰ-ਉਚਾਰਣ | 200 ਸ਼ਬਦ, ਕੁਝ ਸ਼ਬਦਾਂ ਦੀ ਵਰਤੋਂ ਕਰਦਾ ਹੈ | 900 ਸ਼ਬਦ, ਹੁਕਮਾਂ ਦੀ ਤਾਮੀਲ ਕਰਦਾ ਹੈ। | 4 ਅੰਕਾਂ ਨੂੰ ਦੁਹਰਾ ਸਕਦਾ ਹੈ, 2000 ਤੋਂ 3000 ਸ਼ਬਦ, ਬਣਤਰ ਸ਼ਬਦਾਂ ਦੀ ਵਿਆਖਿਆ ਕਰ ਸਕਦਾ ਹੈ। |
| ਅਨੁਕੂਲਣਸ਼ੀਲ ਵਿਵਹਾਰ | ਕੋਮਲ ਭਾਵ ਨਿਯੰਤ੍ਰਣ | ਬਲਾਕ ਬਣਾਉਂਦਾ ਹੈ। ਵਿਅਕਤੀ ਨੂੰ ਚਿਤਰਤ ਕਰ ਸਕਦਾ ਹੈ। | 4 ਅੰਕ, ਸਰੀਰ ਨੂੰ ਵੇਰਵੇ ਨਾਲ ਚਿਤਰਤ ਕਰਦਾ ਹੈ। |



ਨੋਟ

**3. ਭਾਸ਼ਾ ਵਿਕਾਸ:** ਭਾਸ਼ਾ ਦਾ ਵਿਕਾਸ ਬੱਚੇ ਵਿੱਚ ਬੱਚੇ ਦੇ ਰੋਣ ਤੋਂ ਹੀ ਸ਼ੁਰੂ ਹੋ ਜਾਂਦਾ ਹੈ। 10 ਮਹੀਨਿਆਂ ਦਾ ਬੱਚਾ ਇੱਕ ਸ਼ਬਦ ਦੀ ਵਰਤੋਂ ਦੇ ਕਾਬਲ ਹੋ ਜਾਂਦਾ ਹੈ, ਪ੍ਰੰਤੂ ਇੱਕ ਸਾਲ ਪੂਰਾ ਕਰਦਿਆਂ ਉਸ ਦੀ ਸ਼ਬਦਾਵਲੀ 3 ਤੋਂ 4 ਸ਼ਬਦਾਂ ਦਾ ਹੋ ਜਾਂਦਾ ਹੈ। ਘਰ ਦਾ ਚੰਗਾ ਵਾਤਾਵਰਣ ਅਤੇ ਸ਼ੁਰੂਆਤੀ 3 ਤੋਂ 4 ਸ਼ਬਦਾਂ ਦਾ ਹੋ ਜਾਂਦਾ ਹੈ। ਘਰ ਦਾ ਚੰਗਾ ਵਾਤਾਵਰਣ ਅਤੇ ਸ਼ੁਰੂਆਤੀ ਬਾਲ ਅਵਸਰਥਾ ਟਰੇਨਿੰਗ ਸ਼ਬਦ ਭੰਡਾਰ ਦੇ ਵਿਕਾਸ ਵਿੱਚ ਮਦਦ ਕਰਦੀ ਹੈ। ਨਿਮਨ ਸਾਰਣੀ ਸ਼ਬਦਾਵਲੀ ਦੇ ਸੁਧਾਰ ਨੂੰ ਦਰਸਾਉਂਦੀ ਹੈ:

| ਸਾਲਾਂ 'ਚ ਉਮਰ | ਸ਼ਬਦ ਭੰਡਾਰ | ਸਾਲਾਂ 'ਚ ਉਮਰ | ਸ਼ਬਦ ਭੰਡਾਰ |
|---|---|---|---|
| 1 ਸਾਲ | 3 | 4 ਸਾਲ | 1560 |
| 2 ਸਾਲ | 272 | 6 ਸਾਲ | 2562 |
| 3 ਸਾਲ | 896 | | |

4. ਬੌਧਿਕ ਵਿਕਾਸ: ਬੱਚੇ ਦਾ ਬੌਧਿਕ ਵਿਕਾਸ ਦੋ ਸਾਲ ਦੀ ਉਮਰ ਤੋਂ ਬਾਅਦ ਰਫ਼ਤਾਰ ਪਕੜਦਾ ਹੈ, ਕਿਉਂਕਿ ਉਹ ਹੁਣ ਆਪਣੇ ਵਾਤਾਵਰਣ ਨੂੰ ਟਟੋਲਣਾ ਸ਼ੁਰੂ ਕਰ ਦਿੰਦਾ ਹੈ ਅਤੇ ਨਵੇਂ ਅਨੁਭਵ ਹਾਸਲ ਕਰਦਾ ਹੈ, ਬੌਧਿਕ ਵਿਕਾਸ ਦੀਆਂ ਨਿਮਨ ਪ੍ਰਮੁੱਖ ਵਿਸ਼ੇਸ਼ਤਾਈਆਂ ਹਨ:

ੳ.) ਬੱਚਾ ਭੌਤਿਕ ਅਤੇ ਸਮਾਜਿਕ ਹਕੀਕਤਾਂ ਦੇ ਪਹਿਲੂਆਂ (ਧਾਰਣਾਵਾਂ) ਦੀ ਰਚਨਾ ਸ਼ੁਰੂ ਕਰ ਦਿੰਦਾ ਹੈ।

ਅ.) ਛੇ ਸਾਲ ਦੀ ਉਮਰ ਤੱਕ ਬੱਚਾ ਆਕਾਰ, ਰੂਪਰੇਖਾ, ਰੰਗ, ਸਮਾਂ ਅਤੇ ਦੂਰੀ (ਅੰਤਰ) ਆਦਿ ਦੀ ਧਾਰਣਾ ਵਿਕਸਤ ਕਰਨਾ ਸ਼ੁਰੂ ਕਰ ਦਿੰਦਾ ਹੈ।

ੲ.) ਯਾਦਾਸ਼ਤ ਬੇਹੱਦ ਤੇਜ਼ ਗਤੀ ਨਾਲ ਵੱਧਦੀ ਹੈ। ਬੱਚਾ ਰੱਟੇ ਨਾਲ ਸਿੱਖ ਸਕਦਾ ਹੈ।

ਸ.) ਬੱਚਿਆਂ ਵਿੱਚ ਰਚਨਾਤਮਕਤਾ ਵਿਕਸਤ ਹੁੰਦੀ ਹੈ ਅਤੇ ਕਲਪਨਾ ਵੱਧਣੀ ਸ਼ੁਰੂ ਹੋ ਜਾਂਦੀ ਹੈ।

ਹ.) ਮਜਬੂਤ ਸਮੱਗਰੀ (ਪਦਾਰਥ) ਦੇ ਸੰਬੰਧ ਵਿੱਚ ਚਿੰਤਨ ਅਤੇ ਤਾਰਕਿਕਤਾ ਵਿਕਸਤ ਹੁੰਦੀ ਹੈ।

ਕ.) ਧਿਆਨ ਦੇਣ ਦਾ ਵਕਫ਼ਾ ਸੱਤ ਮਿੰਟਾਂ ਤੋਂ ਵੱਧ ਕੇ ਵੀਹ ਮਿੰਟ ਹੋ ਜਾਂਦਾ ਹੈ ਅਤੇ ਵਾਤਾਵਰਣ ਨੂੰ ਟਟੋਲਣ ਦੀ ਦਿਲਚਸਪੀ ਵੱਧਦੀ ਹੈ।

ਖ.) ਬੱਚਾ ਹੁਣ ਭਾਸ਼ਾ ਵਿੱਚ ਚਿੰਨ੍ਹਾਂ ਦੀ ਵਰਤੋਂ ਦੇ ਕਾਬਲ ਹੋ ਜਾਂਦਾ ਹੈ। ਸੰਕੇਤਕ ਖੇਡ ਨੂੰ ਚਿਤਰਤ ਕਰਦਾ ਹੈ ਅਤੇ ਸਮੱਸਿਆ ਸਮਾਧਾਨ ਵਿੱਚ ਜੁੱਟ ਜਾਂਦਾ ਹੈ।

ਗ.) ਬੱਚਾ ਆਪਣੇ ਵਾਤਾਵਰਣ ਬਾਰੇ ਪ੍ਰਸ਼ਨ ਪੁੱਛਣਾ ਸ਼ੁਰੂ ਕਰ ਦਿੰਦਾ ਹੈ।

ਨੋਟ

**5. ਸਮਾਜਿਕ ਵਿਕਾਸ:** ਬੱਚਾ ਇੱਕ ਸਮਾਜਿਕ ਵਾਤਾਵਰਣ ਵਿੱਚ ਜਨਮ ਲੈਂਦਾ ਹੈ ਜਿੱਥੇ ਉਸ ਦਾ ਵਿਅਕਤਿਤਵ ਵਿਕਾਸ ਸਮਾਜ ਦੇ ਪ੍ਰਤਿਮਾਨ ਅਨੁਸਾਰ ਆਕਾਰ ਦਿੱਤਾ ਜਾਂਦਾ ਹੈ:

ੳ.) ਬੱਚਿਆਂ 'ਚ ਆਪਣੇ ਆਪ ਅਤੇ ਆਪਣੇ ਵਾਤਾਵਰਣ ਵਿੱਚ ਇਤਬਾਰ ਅਤੇ ਬੇਇਤਬਾਰੀ ਦੀ ਸੂਝ ਵਿਕਸਤ ਹੁੰਦੀ ਹੈ।

ਅ.) ਬੱਚਿਆਂ ਵਿੱਚ ਇੱਛਾ ਸੁਤੰਤਰਤਾ ਦੀ ਭਾਵਨਾ ਵਿਕਸਤ ਹੁੰਦੀ ਹੈ, ਉਹ ਸੁਤੰਤਰ ਤੌਰ 'ਤੇ ਆਪਣੇ ਵਾਤਾਵਰਣ ਨੂੰ ਟਟੋਲਣਾ ਸ਼ੁਰੂ ਕਰ ਦਿੰਦੇ ਹਨ।

ੲ.) ਸਮਾਜਿਕ ਵਾਤਾਵਰਣ ਘਰ ਤੋਂ ਪਰਾਂ ਪਸਰਦਾ ਹੈ।

ਸ.) ਦੋਹਾਂ ਲਿੰਗਾਂ ਦੇ ਬੱਚੇ ਬਿਨ੍ਹਾਂ ਕਿਸੇ ਭੇਦਭਾਵ ਦੇ ਇੱਕਠਿਆਂ ਖੇਡਦੇ ਹਨ। ਉਹ ਕਿਰਿਆਸ਼ੀਲਤਾ ਨਾਲ ਸਮੂਹ, ਖੇਡਾਂ ਵਿੱਚ ਭਾਗ ਲੈਂਦੇ ਹਨ ਜਿਸ ਵਿੱਚ ਸਰੀਰਕ ਊਰਜਾ ਦੀ ਵਰਤੋਂ ਹੁੰਦੀ ਹੈ, ਜਿਵੇਂ ਕਿ ਲੁਕਣ-ਮੀਚੀ।

ਹ.) ਉਹ ਦੂਜਿਆਂ ਨਾਲ ਸਹਿਯੋਗ ਕਰਨਾ ਸਿੱਖਦੇ ਹਨ ਅਤੇ ਇੱਕ ਸਮਾਨ ਰੁਚੀਆਂ ਅਤੇ ਵਿਅਕਤਿਤਵ 'ਤੇ ਆਧਾਰਤ ਮਿੱਤਰ ਬਣਾਉਂਦੇ ਹਨ।

ਕ.) ਬੱਚੇ ਪਰੀ-ਕਥਾਵਾਂ ਅਤੇ ਪਸ਼ੂਆਂ ਦੀਆਂ ਕਹਾਣੀਆਂ 'ਚ ਦਿਲਚਸਪੀ ਲੈਂਦੇ ਹਨ।

ਤਿੰਨ ਤੋਂ ਛੇ ਸਾਲ ਦੀ ਉਮਰ ਵਿੱਚ ਨਾਕਾਰਾਤਮਕਤਾ ਉਸ ਦਾ ਰਵੱਈਆ ਹੋਵੇਗਾ।

ਖ.) ਖੇਡਣ ਵਿੱਚ ਲੜਕੀਆਂ ਲੜਕਿਆਂ ਨਾਲੋਂ ਵਧੇਰੇ ਪ੍ਰਭਾਵੀ ਹੁੰਦੀਆਂ ਹਨ।

ਸ.) ਬੱਚਾ ਆਪਣੀ ਕਿਰਿਆ ਲਈ ਸਮਾਜਿਕ ਸਵੀਕਿਰਤੀ ਮੰਗਦਾ ਹੈ।

**6. ਭਾਵਨਾਤਮਕ ਵਿਕਾਸ:** ਭਾਵਨਾਵਾਂ ਜ਼ਿੰਦਗੀ ਵਿੱਚ ਅਹਿਮ ਭੂਮਿਕਾ ਅਦਾ ਕਰਦੀਆਂ ਹਨ ਅਤੇ ਵਿਅਕਤੀ ਦੇ ਨਿੱਜੀ ਅਤੇ ਸਮਾਜਿਕ ਕ੍ਰਮ ਵਿੱਚ ਯੋਗਦਾਨ ਪਾਉਂਦੀਆਂ ਹਨ ਬਸ਼ਰਤੇ ਕਿ ਉਹ ਸੰਪੂਰਣ ਪ੍ਰਗਟਾਵੇ ਵਿੱਚ ਨਿਰਦੇਸ਼ਤ ਹੋਣ।

ੳ.) ਭਾਵਨਾਵਾਂ ਸਾਨੂੰ ਜ਼ਿੰਦਗੀ ਵਿੱਚ ਇੱਕ ਵਿਸ਼ੇਸ਼ ਸਥਿਤੀ ਦਾ ਸਾਹਮਣਾ ਕਰਨ ਲਈ ਊਰਜਾ ਪ੍ਰਦਾਨ ਕਰਦੀਆਂ ਹਨ।

ਅ.) ਉਹ ਸਾਡੇ ਵਿਵਹਾਰ ਦੇ ਪ੍ਰੇਰਕ ਦੇ ਤੌਰ 'ਤੇ ਕਾਰਜ ਕਰਦੇ ਹਨ।

ੲ.) ਭਾਵਨਾਵਾਂ ਜ਼ਿੰਦਗੀ ਵਿੱਚ ਰੋਜ਼ਾਨਾ ਦੇ ਅਨੁਭਵਾਂ 'ਚ ਖੁਸ਼ਹਾਲੀ ਭਰਦੀਆਂ ਹਨ।

ਸ.) ਉਹ ਸਮਾਜ ਵਿੱਚ ਸਮਾਯੋਜਨ ਨੂੰ ਪ੍ਰਭਾਵਤ ਕਰਦੇ ਹਨ।

ਹ.) ਉੱਚ ਭਾਵਨਾਤਮਕ ਸਥਿਤੀਆਂ ਮਾਨਸਿਕ ਸਮਤੋਲ ਨੂੰ ਬੇਚੈਨ ਕਰਦੀਆਂ ਹਨ; ਤਾਰਕਿਕਤਾ ਅਤੇ ਚਿੰਤਨ ਟੁੱਟ ਜਾਂਦੇ ਹਨ।

ਨੋਟ

ਕ.) ਭਾਵਨਾਵਾਂ ਵਿਅਕਤੀਆਂ ਵਿਚਾਲੇ ਸੰਚਾਰ ਦੇ ਮਾਧਿਅਮ ਦੇ ਤੌਰ 'ਤੇ ਸੇਵਾ ਨਿਭਾਉਂਦੀਆਂ ਹਨ ਅਤੇ ਵਿਅਕਤੀ ਦਾ ਸਮਾਜਿਕ ਮਾਪਦੰਡਾਂ ਪ੍ਰਤੀ ਇਕਸੁਰਤਾ ਲਈ ਸੁਧਾਰ ਕਰਨ ਵੱਲ ਮਾਰਗ ਦਰਸ਼ਨ ਕਰਦੀਆਂ ਹਨ।

ਖ.) ਭਾਵਨਾਤਮਕ ਵੰਚਨਾ ਵਿਅਕਤਿਤਵ ਕੁਮੇਲ ਵੱਲ ਲਿਜਾਂਦੀ ਹੈ। ਨਿਮਨ ਭਾਵਨਾਤਮਕ ਵਿਸ਼ੇਸ਼ਤਾਈਆਂ ਬੱਚਿਆਂ ਵਿੱਚ ਵਿਕਸਤ ਹੁੰਦੀਆਂ ਹਨ।

ੳ.) ਭਾਵਨਾਵਾਂ ਅਕਸਰ ਹਨ।

ਅ.) ਠੋਸ ਪਦਾਰਥਾਂ ਦੇ ਸੰਬੰਧ ਵਿੱਚ ਉਹ ਪ੍ਰਗਟਾਈਆਂ ਜਾਂਦੀਆਂ ਹਨ।

ੲ.) ਉਹ ਆਰਜ਼ੀ ਹਨ। ਇਸ ਦਾ ਭਾਵ ਹੈ ਕਿ ਬੱਚਾ ਆਪਣੀਆਂ ਭਾਵਨਾਵਾਂ ਨੂੰ ਤੇਜ਼ੀ ਨਾਲ ਬਦਲਦਾ ਹੈ। ਮਿਸਾਲ ਦੇ ਤੌਰ 'ਤੇ ਤਿੰਨ ਸਾਲ ਦਾ ਇੱਕ ਬੱਚਾ ਜਿਹੜਾ ਰੋਂਦਾ ਹੈ, ਜੇਕਰ ਟੌਫੀ ਦਿੱਤੀ ਜਾਵੇ ਤਾਂ ਖੁਸ਼ ਹੋ ਜਾਂਦਾ ਹੈ।

ਸ.) ਸ਼ੁਰੂਆਤੀ ਬਾਲ ਅਵਸਥਾ ਵਿੱਚ ਭਾਵਨਾਤਮਕ ਪ੍ਰਗਟਾਵੇ ਉਤੇਜਨਾ ਦੀ ਤੀਬਰਤਾ ਦੇ ਧਿਆਨ ਦਿੱਤੇ ਬਗੈਰ ਤੀਬਰ ਹਨ।

ਹ.) ਬੱਚੇ ਆਪਣੀਆਂ ਭਾਵਨਾਵਾਂ ਲਕੋਣ ਵਿੱਚ ਅਸਫ਼ਲ ਹੁੰਦੇ ਹਨ, ਪ੍ਰੰਤੂ ਅਸਿੱਧੇ ਤੌਰ 'ਤੇ ਭਿੰਨ ਗਤੀਵਿਧੀਆਂ ਦੁਆਰਾ ਪ੍ਰਗਟਾਅ ਕਰਦੇ ਹਨ ਜਿਵੇਂ ਕਿ ਰੋਣਾ, ਨਹੁੰ ਚੱਬਣਾ, ਅੰਗੂਠਾ ਚੂਸਣਾ ਅਤੇ ਬੋਲਣ ਦੀਆਂ ਔਕੜਾਂ।

ਕ.) ਭਾਵਨਾਵਾਂ ਵੱਡੀ ਸੰਖਿਆ ਵਿੱਚ ਪਰਿਵਰਤ ਹੁੰਦੀਆਂ ਹਨ। ਕਿਸੇ ਉਮਰ ਵਿੱਚ ਭਾਵਨਾਵਾਂ ਜਿਹੜੀਆਂ ਬੇਹੱਦ ਮਜਬੂਤ ਸਨ, ਕਮਜ਼ੋਰ ਹੋ ਜਾਂਦੀਆਂ ਹਨ, ਜਦੋਂ ਬੱਚਾ ਵਾਧੇ 'ਚ ਪੈਂਦਾ ਹੈ, ਜਦਕਿ ਹੋਰ ਜਿਹੜੀਆਂ ਕਮਜ਼ੋਰ ਸਨ, ਮਜ਼ਬੂਤ ਹੋ ਜਾਂਦੀਆਂ ਹਨ। ਇਹ ਤਬਦੀਲੀ ਬਾਲ ਸੰਚਾਲਨ ਵਿੱਚ ਤਬਦੀਲੀ, ਬੱਚੇ ਦੇ ਬੌਧਿਕ ਵਿਕਾਸ ਅਤੇ ਰੁਚੀਆਂ ਅਤੇ ਕਦਰਾਂ-ਕੀਮਤਾਂ ਵਿੱਚ ਤਬਦੀਲੀਆਂ ਕਾਰਨ ਹੁੰਦੀ ਹੈ।

## III. ਮਗਰਲੀ ਬਾਲ ਅਵਸਥਾ (6 ਸਾਲ ਤੋਂ 12 ਸਾਲ)

ਮਗਰਲੀ ਬਾਲ ਅਵਸਥਾ ਜ਼ਿੰਦਗੀ ਦਾ ਇੱਕ ਅਹਿਮ ਪੜਾਅ ਹੁੰਦਾ ਹੈ। ਇਹ ਉਹ ਸਮਾਂ ਹੁੰਦਾ ਹੈ ਜਦੋਂ ਬੱਚੇ ਅਕਸਰ ਬੇਹੱਦ ਭੈੜੇ (ਰੋਅਬਦਾਰ) ਢੰਗ ਨਾਲ ਵਿਹਾਰ ਕਰਦੇ ਹਨ। ਮਾਪੇ ਅਤੇ ਅਧਿਆਪਕ ਬੱਚਿਆਂ ਨਾਲ ਤੰਗ ਹੋ ਜਾਂਦੇ ਹਨ। ਇਹ ਉਹ ਸਮਾਂ ਹੁੰਦਾ ਹੈ ਜਿਹੜਾ ਕਿ ਬੱਚਿਆਂ ਦੇ ਸਮਾਜ ਵਿੱਚ ਲੋੜੀਂਦੇ ਸਮਾਯੋਜਨ ਲਈ ਮਾਪਿਆਂ ਅਤੇ ਅਧਿਆਪਕਾਂ ਵੱਲੋਂ ਸਹੀ ਮਾਰਗ ਦਰਸ਼ਨ ਅਤੇ ਕਾਉਂਸਲਿੰਗ ਲੋੜਦਾ ਹੈ। 8 ਤੋਂ 12 ਸਾਲ ਦੀ ਉਮਰ ਮਨੁੱਖੀ ਜੀਵਨ ਵਿੱਚ ਇੱਕ ਵਿਸ਼ੇਸ਼ ਸਮੇਂ ਦੀ ਰਚਨਾ ਕਰਦਾ ਹੈ। ਦਿਮਾਗ ਲਗਭਗ ਇਸਦਾ ਬਾਲਗ ਆਕਾਰ ਹਾਸਲ ਕਰ ਲੈਂਦਾ ਹੈ ਅਤੇ ਵਜ਼ਨ, ਸਿਹਤ ਲਗਭਗ ਚੜ੍ਹਾਈ 'ਤੇ ਹੁੰਦੇ ਹਨ, ਗਤੀਵਿਧੀ ਪਹਿਲਾਂ ਨਾਲੋਂ ਵੱਡੀ ਅਤੇ ਵਿਭਿੰਨ ਹੁੰਦੀ ਹੈ ਜਾਂ ਫੇਰ ਇਹ ਮੁੜ ਹੋਵੇਗੀ ਅਤੇ ਇੱਕ ਵਿਲੱਖਣ ਹੰਢਣਸਾਰਤਾ, ਸਜੀਵਤਾ ਹੁੰਦੀ ਹੈ। ਬੱਚਾ ਆਪਣੇ

ਨੋਟ

ਘਰ ਦੇ ਘੇਰੇ ਤੋਂ ਬਾਹਰ ਆਪਣਾ ਜੀਵਨ ਵਿਕਸਤ ਕਰਦਾ ਹੈ ਅਤੇ ਇਸ ਦੇ ਪ੍ਰਾਕ੍ਰਿਤਕ ਸਰੋਕਾਰ (ਹਿੱਤ) ਕਦੇ ਵੀ ਬਾਲਕ ਪ੍ਰਭਾਵ ਤੋਂ ਐਨੇ ਸੁਤੰਤਰ ਨਹੀਂ ਹੁੰਦੇ।

**1. ਸਰੀਰਕ ਵਿਕਾਸ:** ਮਗਰਲੀ ਬਾਲ ਅਵਸਥਾ ਵਿੱਚ ਵਜ਼ਨ ਅਤੇ ਉਚਾਈ ਵਿੱਚ ਧੀਮਾ ਵਾਧਾ ਹੁੰਦਾ ਹੈ। ਲੜਕੀਆਂ, ਲੜਕਿਆਂ ਨਾਲੋਂ ਦੋ ਸਾਲ ਅਗਾਂਹ ਹੁੰਦੀਆਂ ਹਨ। ਸਰੀਰ ਦੇ ਸਾਰੇ ਸਾਧਾਰਣ ਅਨੁਪਾਤਾਂ ਵਿੱਚ ਪਰਿਵਰਤਨ ਵਿਖਾਈ ਦਿੰਦੇ ਹਨ। ਇਸ ਉਮਰ ਵਿੱਚ ਬੱਚੇ ਬਿਮਾਰੀਆਂ ਤੋਂ ਮੁਕਤ ਹੁੰਦੇ ਹਨ। ਸ਼ਰੀਰ ਵਿਗਿਆਨ ਦੇ ਤੌਰ ’ਤੇ 11 ਸਾਲ ਦੀ ਉਮਰ ਵਿੱਚ ਲੜਕੀਆਂ, ਲੜਕਿਆਂ ਨਾਲੋਂ ਪੂਰੀ ਤਰ੍ਹਾਂ ਇੱਕ ਸਾਲ ਅਗਾਂਹ ਹੁੰਦੇ ਹਨ। ਦੁੱਧ ਦੰਦਾਂ ਦਾ ਝੜਨਾ ਅਤੇ ਪੱਕੇ ਦੰਦਾਂ ਦਾ ਆਉਣਾ ਮੂੰਹ ਦਾ ਵਿਖਾਵਾ ਹੀ ਬਦਲ ਦਿੰਦਾ ਹੈ। ਮੱਥੇ ਦਾ ਚੌੜਾ ਹੋਣਾ, ਨੱਕ ਦਾ ਤਿੱਖਾ ਹੋਣਾ, ਛਾਤੀ ਚੌੜੀ ਹੋਣੀ ਅਤੇ ਖੇਡ ਰਾਹੀਂ ਪ੍ਰੇਰਕ ਹੁਨਰਾਂ ’ਚ ਵਾਧਾ ਹੁੰਦਾ ਹੈ। ਨਿਮਨ ਕੁਝ ਚਿੰਨ੍ਹਤ ਤਬਦੀਲੀਆਂ ਹਨ:

ੳ.) ਦਸਤੀ ਨਿਪੁੰਨਤਾ ’ਚ ਵਾਧਾ;

ਅ.) ਵਧੀ ਹੋਈ ਤਾਕਤਾਂ

ੲ.) ਥਕਾਵਟ ਪ੍ਰਤੀ ਵਿਰੋਧ ਦੀ ਵਧੀ ਮਾਤਰਾ ਅਤੇ

ਸ.) ਖੇਡਾਂ ਦੇ ਸੰਬੰਧ ਵਿੱਚ ਦਰੁਸਤੀ ਅਤੇ ਹੰਢਣਸਾਰਤਾ ਵਾਧਾ

ਕਠਿਨ ਸਰੀਰਕ ਗਤੀਵਿਧੀ ਦੀ ਆਂਗਿਕ ਲੋੜ ਹੈ। ਪਿੰਜਰ ਵਰਗੇ ਪੱਠੇ ਵਿਕਸਤ ਹੁੰਦੇ ਹਨ ਅਤੇ ਕਸਰਤ ਦੀ ਲੋੜ ਹੁੰਦੀ ਹੈ। 9 ਤੋਂ 11 ਸਾਲ ਦਾ ਇੱਕ ਸਥਾਨ ਤੋਂ ਦੂਜੇ ਸਥਾਨ ’ਤੇ ਹੌਂਕਦਿਆਂ ਜਾ ਸਕਦੇ ਹਨ, ਕਦੇ ਨਹੀਂ ਤੁਰਦੇ ਜਦੋਂ ਉਹ ਦੌੜ ਸਕਦੇ ਹਨ, ਕਦੇ ਨਹੀਂ ਦੌੜਦੇ, ਜਦੋਂ ਉਹ ਕੁੱਦ ਸਕਦੇ ਹਨ ਅਤੇ ਕੁਝ ਹੋਰ ਕਠਿਨ ਕਰ ਸਕਦੇ ਹਨ।

**2. ਬੌਧਿਕ ਵਿਕਾਸ:** ਛੇ ਸਾਲ ਤੋਂ ਬਾਰਾਂ ਸਾਲ ਦੀ ਉਮਰ ਦੌਰਾਨ ਬੌਧਿਕ ਵਿਕਾਸ ਵਿੱਚ ਨਿਮਨ ਤਬਦੀਲੀਆਂ ਆਉਂਦੀਆਂ ਹਨ।

ੳ.) ਬੱਚਾ ਆਪਣੇ ਆਪ ’ਚ ਅਤੇ ਬਾਹਰੀ ਦੁਨੀਆ ਵਿੱਚ ਅੰਤਰ ਨੂੰ ਸਪਸ਼ਟ ਕਰਨਾ ਸ਼ੁਰੂ ਕਰ ਦਿੰਦਾ ਹੈ। ਉਹ ਆਪਣੇ ਵਾਤਾਵਰਣ ਵਿੱਚ ਹਕੀਕਤ ਨੂੰ ਵੇਖਦਾ ਹੈ।

ਅ.) 12 ਸਾਲ ਦੀ ਉਮਰ ਵਿੱਚ ਪ੍ਰਾਕ੍ਰਿਤਕ ਕਾਨੂੰਨਾਂ ਦੀ ਧਾਰਣਾ ਤਕਰੀਬਨ ਪੂਰੀ ਤਰ੍ਹਾਂ ਵਿਕਸਤ ਹੋ ਜਾਂਦੀ ਹੈ।

ੲ.) ਇਹ ਜਾਣਕਾਰੀ ਦੀ ਉਤਸੁਕ ਸਮਾਈ ਅਤੇ ਵਿਚਾਰਾਂ ਦੇ ਤਿਆਰ ਇਕੱਤ੍ਰਣ ਦਾ ਸਮਾਂ ਹੁੰਦਾ ਹੈ। ਸਿੱਖਣਾ ਅਤੇ ਯਾਦਾਸ਼ਤ ਵਧੇਰੇ ਕਾਰਗਰ ਹੋ ਜਾਂਦੀ ਹੈ ਕਿਉਂ ਕਿ ਬੱਚਾ ਰਸਮੀ ਸਕੂਲ ’ਚ ਜਾਣਾ ਸ਼ੁਰੂ ਕਰ ਦਿੰਦਾ ਹੈ।

ਸ.) ਤਾਰਕਿਕ ਚਿੰਤਨ ਦੀ ਸਮਰੱਥਾਂ ਵੱਧਦੀ ਹੈ ਅਤੇ ਬੱਚਾ ਚੁਣਨ, ਵਿਕਾਸ ਕਰਨ, ਅਤੇ ਠੋਸ ਪਦਾਰਥਾਂ ਦੇ ਸੰਬੰਧ ਵਿੱਚ ਸੰਗਿਆਨਕ ਅਮਲ ਜੁਟਾਉਣ ਦੇ ਵਿੱਚ ਕਾਫ਼ੀ ਨਿਪੁੰਨ ਬਣ ਜਾਂਦਾ ਹੈ।

ਹ.) ਇਸ ਉਮਰ ਵਿੱਚ ਵਿਗਿਆਨਕ ਕਹਾਣੀਆਂ ਅਤੇ ਮਕੈਨੀਕਲ ਕਿਰਿਆਵਾਂ ਵਿੱਚ ਦਿਲਚਸਪੀ ਚ ਸੀਮਾ ’ਤੇ ਪੁੱਜ ਜਾਂਦੀ ਹੈ।

ਕ.) ਹਿੰਮਤ ਅਤੇ ਵਫ਼ਾਦਾਰੀ ਵੱਧਦੀ ਹੈ। ਬੱਚਾ ਕਿਸੇ ਵੀ ਕੰਮ ਨੂੰ ਕਰਨ ਵਿੱਚ ਹਿੰਮਤ ਵਿਖਾਉਂਦਾ ਹੈ।

ਖ.) ਦੂਜੀਆਂ ਖੇਡਾਂ ਉੱਪਰ ਕਾਲਪਨਿਕ ਖੇਡਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ।

ਗ.) ਤੱਤ ਆਧਾਰਤ ਸਮੱਗਰੀ, ਵਿਗਿਆਨਕ ਅਤੇ ਗਣਿਤੀ ਜਾਣਕਾਰੀ ਅਤੇ ਹਕੀਕੀ ਪ੍ਰਕਰਣਾਂ ਸਮੇਤ ਗਲਪ ਪੜ੍ਹਨ ਦੀ ਰੁਚੀ ਵੱਧਦੀ ਹੈ।

ਘ.) ਭੌਤਿਕ, ਮਕੈਨੀਕਲ ਅਤੇ ਵਾਤਾਵਰਣ ਵਿੱਚ ਪ੍ਰਾਕ੍ਰਿਤਕ ਵਰਤਾਰਾ ਬਾਰੇ ਚਿੰਤਨ ਕਰਨ ਵਿੱਚ ਸੁਭਾਵਕ ਸੰਬੰਧਾਂ ਦੀ ਵਰਤੋਂ ਵੱਧਦੀ ਹੈ।

ਙ.) ਬਾਰਾਂ ਸਾਲ ਦੀ ਉਮਰ ਤੱਕ ਬੱਚਿਆਂ ਵੱਲੋਂ ਸਾਧਾਰਣੀਕਰਣ ਦੀ ਉੱਚ ਯੋਗਤਾ ਅਕਸਰ ਦਰਸਾਈ ਜਾਂਦੀ ਹੈ। ਬੱਚੇ ਜ਼ਿਆਦਾਤਰ ਫੌਰੀ ਕਾਰਨ ਅਤੇ ਕਾਰਜੀ ਸੰਬੰਧਨ ਅਤੇ ਵਰਤਮਾਨ ਘਟਨਾਵਾਂ ਨਾਲ ਸੰਬੰਧਤ ਹੁੰਦੇ ਹਨ।

ਚ.) ਇਸ ਸਮੇਂ ਦੌਰਾਨ ਬੱਚੇ ਦਾ ਦਿਮਾਗ ਸਮੱਸਿਆਵਾਂ ਦੀ ਬਿਹਤਰ ਸਾਧਾਰਨ ਸਮਝ ਰੱਖਦਾ ਹੈ। ਉਹ ਤਾਰਕਿਕ ਰੂਪ ਵਿੱਚ ਕਿਸੇ ਸਮੱਸਿਆ ਦਾ ਵਿਸ਼ਲੇਸ਼ਣ ਕਰ ਸਕਦਾ ਹੈ ਅਤੇ ਵਾਤਾਵਰਨ ਨਾਲ ਲਚਕੀਲੇ, ਨਿਪੁੰਨ ਅਤੇ ਪ੍ਰਤੀਕਾਜਮਕ ਢੰਗ ਨਾਲ ਵਰਤਾਰਾ ਕਰਨ ਦੇ ਯੋਗ ਹੋ ਜਾਂਦਾ ਹੈ। ਉਨ੍ਹਾਂ ਕੋਲ ਆਪਣੀ ਤਰਤੀਬ ਵਿੱਚ ਅਮਲਾਂ ਜਾਂ ਨਿਸਮਾਂ ਦਾ ਇੱਕ ਸੈੱਟ ਹੁੰਦਾ ਹੈ ਜਿਹੜੇ ਕਿ ਤਾਰਕਿਕ ਹੁੰਦੇ ਹਨ ਭਾਵੇਂ ਕਿ ਫੋਸ ਹਨ।

3. ਭਾਵਨਾਤਮਕ ਵਿਕਾਸ: ਜ਼ਿੰਦਗੀ ਲਈ ਭਾਵਨਾਵਾਂ ਬਹੁਤ ਅਹਿਮ ਹੁੰਦੀਆਂ ਹਨ। ਭਾਵਨਾਵਾਂ ਤੋਂ ਬਗੈਰ ਜ਼ਿੰਦਗੀ ਅਕਾਊ ਅਤੇ ਨੀਰਸ ਹੋ ਜਾਂਦੀ ਹੈ। ਉਹ ਬੱਚੇ ਦੀ ਉਮਰ ਦੇ ਨਾਲ ਬਦਲ ਜਾਂਦੀਆਂ ਹਨ। ਇਸ ਸਮੇਂ ਦੌਰਾਨ ਭਾਵਨਾਤਮਕ ਪਰਿਵਰਤਨਾਂ ਦੀਆਂ ਵਿਸ਼ੇਸ਼ਤਾਈਆਂ ਨਿਮਨ ਹਨ:

ੳ.) ਭਾਵਨਾਤਮਕ ਪ੍ਰਗਟਾਵਿਆਂ ਦੀ ਸ਼ੁਰੂਆਤੀ ਸ਼ੈਲੀ ਬਦਲ ਜਾਂਦੀ ਹੈ। ਮਗਰਲੀ ਬਾਲ ਅਵਸਥਾ ਦੇ ਅੰਤ ਤੱਕ ਬੱਚਾ ਸਮਾਜਿਕ ਸਥਿਤੀਆਂ ਵਿੱਚ ਆਪਣੀਆਂ ਭਾਵਨਾਤਮਕ ਪ੍ਰਗਟਾਵਿਆਂ ਨੂੰ ਨਿਯੰਤ੍ਰਣ ਕਰਨਾ ਸਿੱਖ ਜਾਂਦਾ ਹੈ।

ਅ.) ਬੱਚੇ ਦੇ ਭਾਵਨਾਤਮਕ ਹੁੰਗਾਰੇ ਘੱਟ ਬਿਖਰੇ, ਬੇਤਰਤੀਬੇ ਅਤੇ ਅਭਿੰਨ ਹੋ ਜਾਂਦੇ ਹਨ।

ੲ.) ਠੋਸ ਮੰਤਵਾਂ ਦੀ ਗੈਰ-ਮੌਜੂਦਗੀ ਵਿੱਚ ਵੀ ਭਾਵਨਾਵਾਂ ਪ੍ਰਗਟਾਈਆਂ ਜਾ ਸਕਦੀਆਂ ਹਨ।

ਸ.) ਬਾਲ ਅਵਸਥਾ ਦੌਰਾਨ ਭਾਵਨਾਵਾਂ ਜ਼ਿਆਦਾਤਰ ਛੂਤਕ ਹੁੰਦੀਆਂ ਹਨ। ਬੱਚੇ ਬੇਹੱਦ ਸੁਝਾਊ ਅਤੇ ਹੋਰਨਾਂ ਉੱਪਰ ਨਿਰਭਰ ਹੁੰਦੇ ਹਨ।

ਨੋਟ

ਹ.) ਸ਼ੁਰੂਆਤੀ ਬਾਲ ਅਵਸਥਾ ਦੇ ਜਾਨਵਰਾਂ, ਉੱਚੀਆਂ ਥਾਵਾਂ ਅਤੇ ਸ਼ੋਰ ਦਾ ਡਰ ਗਾਇਬ ਹੋ ਜਾਂਦਾ ਹੈ, ਪਰਾ-ਭੌਤਿਕ, ਕਾਲਪਨਿਕ ਜੀਵ/ਪ੍ਰਾਣੀ ਦਾ ਡਰ, ਅਸਫਲ ਹੋਣ ਦਾ ਡਰ, ਹਾਮੋਹੀਣਾ ਬਣਨ ਅਤੇ ਭਿੰਨ ਪ੍ਰਗਟ ਹੋਣ ਦਾ ਡਰ ਪ੍ਰਗਟ ਹੁੰਦਾ ਹੈ।

ਕ.) ਗੁੱਸਾ ਨਿਸ਼ਫ਼ਲ ਹੋਣ, ਛੇੜਣ, ਹੋਰਨਾ ਬੱਚਿਆਂ ਨਾਲ ਅਸੁਖਾਵੀਂ ਤੁਲਨਾ ਕਾਰਨ ਆਉਂਦਾ ਹੈ ਜਾਂ ਫੇਰ ਚੱਲ ਰਹੀਆਂ ਗਤੀਵਿਧੀਆ 'ਚ ਰੁਕਾਵਟ, ਹਮਉਮਰ ਜਾਂ ਵੱਡਿਆਂ ਵੱਲੋਂ ਛੋੜਣ ਅਤੇ ਲਾਪਰਵਾਹੀ ਕਾਰਨ।

ਖ.) ਮਾਪਿਆਂ ਦਾ ਪੱਖਪਾਤ ਵੀ ਬਾਲ ਅਵਸਥਾ ਵਿੱਚ ਈਰਖਾ ਦਾ ਕਾਰਨ ਬਣਦਾ ਹੈ।

ਗ.) ਆਪਣੀਆਂ ਜਮਾਤਾਂ ਵਿੱਚ ਲੜਕੀਆਂ ਲੜਕਿਆਂ ਨਾਲੋਂ ਵਧੇਰੇ ਈਰਖਾਲੂ ਹੁੰਦੀਆਂ ਹਨ, ਕਿਉਂਕਿ ਲੜਕਿਆਂ ਨਾਲ ਤਰਜੀਹੀ ਵਰਤਾਰਾ ਕੀਤਾ ਜਾਂਦਾ ਹੈ।

ਘ.) ਆਨੰਦ, ਖੁਸ਼ੀ, ਪਿਆਰ, ਉਤਸੁਕਤਾ ਦੁੱਖ ਅਤੇ ਸਨੇਹ ਬਾਲ ਅਵਸਥਾ 'ਚ ਪ੍ਰਗਟ ਹੁੰਦਾ ਹੈ।

**4. ਸਮਾਜਿਕ ਵਿਕਾਸ:** ਸ਼ੁਰੂਆਤੀ ਬਾਲ ਅਵਸਥਾ ਵਿੱਚ ਘਰ ਅਤੇ ਗੁਆਂਢ ਦੇ ਵਾਤਾਵਰਨ ਤੱਕ ਸਮਾਜੀਕਰਣ ਦੀ ਪ੍ਰਕਿਰਿਆ ਸੀਮਤ ਹੁੰਦੀ ਹੈ, ਪ੍ਰੰਤੂ ਜਿਵੇਂ ਹੀ ਬੱਚਾ ਸਕੂਲ ਵਿੱਚ ਦਾਖਲ ਹੁੰਦਾ ਹੈ, ਉਸ ਦਾ ਸਮਾਜਿਕ ਦਾਇਰਾ ਫੈਲ ਜਾਂਦਾ ਹੈ। ਪ੍ਰਮੁੱਖ ਤਬਦੀਲੀਆਂ ਨਿਮਨ ਹਨ:

ੳ.) ਇਹ ਉਹ ਸਮਾਂ ਹੈ ਜਦੋਂ ਬੱਚੇ ਆਪਣੇ ਲਿੰਗ ਨਾਲ ਸੰਬੰਧਤ ਬੱਚਿਆਂ ਨਾਲ ਹਮ ਉਮਰ ਸਮੂਹ ਬਣਾਉਂਦੇ ਹਨ ਅਤੇ ਘਰ ਤੋਂ ਬਾਹਰ ਰਹਿੰਦੇ ਹਨ। ਹਮ ਉਮਰ ਸਮੂਹ ਸਮਾਜੀਕਰਣ ਦਾ ਅਹਿਮ ਏਜੰਦ ਬੰਨ ਜਾਂਦਾ ਹੈ।

ਅ.) ਸਕੂਲ ਅਤੇ ਘਰ ਵਿੱਚ ਇਹ ਬੇਕਾਬੂਪਣ ਦਾ ਸਿੱਖਰ ਸਮਾਂ ਹੁੰਦਾ ਹੈ।

ੲ.) ਇਸ ਸਮੇਂ ਦੌਰਾਨ ਅਵੱਗਿਆ ਦੀਆਂ ਸ਼ਿਕਾਇਤਾਂ ਦਾ ਪ੍ਰਤੀਸ਼ਤ ਉੱਚ ਹੁੰਦਾ ਹੈ।

ਸ.) ਬੱਚੇ ਬਾਲਕ ਮਾਪਦੰਡ ਰੱਦ ਕਰ ਦਿੰਦੇ ਹਨ ਅਤੇ ਮਿੱਤਰਾਂ ਦਾ ਉਨ੍ਹਾਂ ਦਾ ਘੇਰਾ ਫੈਲ ਜਾਂਦਾ ਹੈ।

ਹ.) ਕਿਸ਼ੋਰ ਅਵਸਥਾ ਦੀ ਤੁਲਨਾ ਵਿੱਚ ਲਾਪਰਵਾਹੀ ਇਸ ਉਮਰ ਵਿੱਚ ਵਧੇਰੇ ਹੁੰਦੀ ਹੈ।

ਕ.) ਲਿੰਗ ਭੇਦ ਤਿੱਖਾ ਹੋ ਜਾਂਦਾ ਹੈ। ਲੜਕੀਆਂ, ਲੜਕੀਆਂ ਨਾਲ ਅਤੇ ਲੜਕੇ, ਲੜਕਿਆਂ ਨਾਲ ਖੇਡਦੇ ਹਨ। ਖੇਡਾਂ ਵਿੱਚ ਵੀ ਲਿੰਗ ਅੰਤਰ ਹੁੰਦਾ ਹੈ। ਬੱਚੀਆਂ ਲੜਕਿਆਂ ਪ੍ਰਤੀ ਵਧੇਰੇ ਵਿਰੋਧਾਤਮਕ ਹੋ ਜਾਂਦੀਆਂ ਹਨ।

ਖ.) ਲੜਕੇ ਲੜਕੀਆਂ ਦੇ ਮੁਕਾਬਲੇ ਵਧੇਰੇ ਬਾਗੀ ਹੁੰਦੇ ਹਨ ਅਤੇ ਉਨ੍ਹਾਂ ਦੇ ਸਮੂਹ ਲੜਕੀਆਂ ਦੇ ਸਮੂਹ ਨਾਲੋਂ ਵਧੇਰੇ ਸੰਗਠਤ ਹੁੰਦੇ ਹਨ।

ਗ.) ਬੱਚੇ ਸਮੂਹਕ ਖੇਡਾਂ ਵਿੱਚ ਦਿਲਚਸਪੀ ਲੈਂਦੇ ਹਨ। ਲੜਕੇ ਅਤੇ ਲੜਕੀਆਂ ਆਪਣਾ ਸਮੂਹ ਬਣਾ ਲੈਂਦੇ ਹਨ। ਸਮੂਹ ਸਚੇਤਤਾ ਵਿਕਸਤ ਹੁੰਦੀ ਹੈ ਅਤੇ ਬੱਚਾ ਘੱਟ ਸਵਾਰਥੀ, ਸਵੈ-ਕੇਂਦਰਤ ਅਤੇ ਆਕ੍ਰਣਸ਼ੀਲ ਪ੍ਰੰਤੂ ਵਧੇਰੇ ਸਹਿਕਾਰੀ ਅਤੇ ਮਿਲਾਪੜੇ ਹੋ ਜਾਂਦੇ ਹਨ।

ਘ.) ਸਮਾਜਿਕ ਸਚੇਤਤਾ ਬੇਹੱਦ ਤੇਜ਼ੀ ਨਾਲ ਵਿਕਸਤ ਹੁੰਦੀ ਹੈ। ਇਸ ਨੂੰ 'ਗੈਗ ਉਮਰ' ਸਮਾਂ ਕਿਹਾ ਜਾਂਦਾ ਹੈ ਜਦੋਂ ਬੱਚਾ ਉਸੇ ਉਮਰ ਦੇ ਹਮਉਮਰ ਸਮੂਹ ਨਾਲ ਆਪਣੇ ਆਪ ਨੂੰ ਜੋੜਦਾ ਹੈ ਜਿਹੜੇ ਇੱਕਠਿਆਂ ਅਨੁਭਵ ਅਤੇ ਕਿਰਿਆ ਕਰਦੇ ਹਨ। ਬੱਚੇ ਆਪਣੇ ਗੈਂਗ ਨੂੰ ਬਹੁਤ ਵਫ਼ਾਦਾਰੀ ਦਰਸਾਉਂਦੇ ਹਨ, ਉਹ ਆਪਣੇ ਗੈਗ ਦੇ ਸਟੈਂਡ 'ਤੇ ਅਨੁਕੂਲ ਹੁੰਦਾ ਹੈ।

ਨੋਟ

## ਵਿਦਿਅਕ ਭਾਵ-ਅਰਥ

1. ਸਕੂਲ ਵਿੱਚ ਸਹੀ ਵਾਤਾਵਰਨ ਉਪਲੱਬਧ ਕੀਤਾ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਆਪਣੀਆਂ ਭਾਵਨਾਵਾਂ ਪ੍ਰਗਟਾਉਣ ਲਈ ਉਤਸ਼ਾਹਤ ਕੀਤਾ ਜਾਣਾ ਚਾਹੀਦਾ ਹੈ।
2. ਘਰ ਅਤੇ ਸਕੂਲ ਵਿੱਚ ਸੁਰੱਖਿਆ ਅਤੇ ਸੁਤੰਤਰਤਾ ਦਿੱਤੀ ਜਾਣੀ ਚਾਹੀਦੀ ਹੈ।
3. ਖੇਡਾਂ, ਸੱਭਿਆਚਾਰਕ ਗਤੀਵਿਧੀਆਂ ਅਤੇ ਪਿਕਨਿਕ ਆਦਿ 'ਚ ਭਾਗ ਲੈਣ ਦੇ ਅਵਸਰ ਉਪਲੱਬਧ ਕਰਨੇ।
4. ਲੜਕਿਆਂ ਦੀ ਲੜਕੀਆਂ ਨਾਲ ਤੁਲਨਾ ਕਰੋ।
5. ਬੱਚਿਆਂ ਨਾਲ ਵਰਤਾਰਾ ਕਰਨ ਸਮੇਂ ਆਪਣੇ ਨਜ਼ਰੀਏ ਵਿੱਚ ਲੋਕਪ੍ਰਿਅ ਰਹੋ।
6. ਬਾਲ ਅਵਸਥਾ ਦੌਰਾਨ ਲੜਕਿਆਂ ਨੂੰ ਪੁਰਸ਼ਾਂ ਨਾਲ ਵਧੇਰੇ ਸੰਬੰਧਨ ਲਈ ਅਵਸਰ ਉਪਲੱਬਧ ਕਰਨੇ।
7. ਜਦੋਂ ਬੱਚੇ ਭਾਵਨਾਤਮਕ ਉਬਾਲ ਦਰਸਾਉਂਦੇ ਹਨ, ਉਨ੍ਹਾਂ ਨਾਲ ਸ਼ਾਂਤ ਢੰਗ ਅਤੇ ਸੂਝ ਨਾਲ ਵਰਤਾਰਾ ਕਰੋ।
8. ਵਾਧੇ ਪਏ ਬੱਚੇ ਦੇ ਵਿਅਕਤਿਤਵ ਦਾ ਸਨਮਾਨ ਕਰੋ ਅਤੇ ਬੱਚਿਆਂ ਵਿੱਚ ਭਰੋਸਾ ਪ੍ਰਗਟਾਓ।
9. ਬੱਚਿਆਂ ਦੇ ਉਚਿਤ ਵਿਵਹਾਰ ਨੂੰ ਪੁਸ਼ਟ ਕਰੋ।
10. ਯਾਦ ਰੱਖੋ ਕਿ ਬੱਚੇ ਹਮ-ਰੁਤਬਾ (ਉਮਰ) ਸਮਾਜ ਦੇ ਮੈਂਬਰ ਹਨ, ਜਿਹੜੇ ਕਿ ਉਨ੍ਹਾਂ ਦੇ ਵਿਅਕਤਿਤਵ ਉੱਪਰ ਵੱਡਾ ਪ੍ਰਭਾਵ ਰੱਖਦੇ ਹਨ।
11. ਸਥਾਨਕ ਸਮੁਦਾਇ ਵਿੱਚ ਬੱਚਿਆਂ ਲਈ ਪਰਿਵਾਰ ਤੋਂ ਬਾਹਰ ਦੇ ਅਨੁਭਵ ਉਪਲੱਬਧ ਕੀਤੇ ਜਾਣੇ ਚਹੀਦੇ ਹਨ।
12. ਸੁਤੰਤਰਤਾ ਪ੍ਰਗਟਾਉਣ ਦੇ ਅਣ ਪੱਕੇ ਅਤੇ ਖੁੱਝ ਵਾਲੇ ਰੂਪਾਂ ਨੂੰ ਸਵੈ-ਭਰੋਸੇ ਦੀ ਦਿਸ਼ਾ ਵਿੱਚ ਇੱਛਤ ਕਦਮ ਦੇ ਤੌਰ 'ਤੇ ਵਿਚਾਰਿਆ ਜਾ ਸਕਦਾ ਹੈ।
13. ਇਸ ਪੜਾਅ ਦੌਰਾਨ ਬੱਚਿਆਂ ਦੀ ਗੈਂਗ ਮੈਂਬਰਸ਼ਿਪ ਨੂੰ ਮਾਪਿਆਂ ਅਤੇ ਅਧਿਆਪਕਾਂ ਵੱਲੋਂ ਖਫ਼ਾ ਨਹੀਂ ਹੋਣਾ ਚਾਹੀਦਾ। ਕਿਉਂਕਿ ਇਹ ਬੱਚਿਆਂ ਨੂੰ ਸਵੈ-ਪ੍ਰਗਟਾਵੇ, ਅਤਿ ਇਕੱਲੇਪਣ ਤੋਂ ਬਚਾਉਣ, ਅਹਿਮੀਅਤ ਅਤੇ ਰੱਖਿਆ ਲਈ ਅਵਸਰ ਉਪਲੱਬਧ ਕਰਦਾ ਹੈ।
14. ਕਰਾਫਟ ਅਤੇ ਸ਼ੌਂਕਾਂ ਵਿੱਚ ਰੁਚੀ ਵਿਕਸਤ ਕੀਤੀ ਜਾਣੀ ਚਾਹੀਦੀ ਹੈ।
15. ਪ੍ਰਯੋਗੀਕਰਣ ਲਈ ਅਵਸਰ ਉਪਲੱਬਧ ਕੀਤੇ ਜਾਣੇ ਚਾਹੀਦੇ ਹਨ।
16. ਸਾਹਿਤ ਉਪਲੱਬਧ ਕਰਕੇ ਅਧਿਐਲ ਨੂੰ ਉਤਸ਼ਾਹਤ ਕੀਤਾ ਜਾਣਾ ਚਾਹੀਦਾ ਹੈ।
17. ਸਕੂਲ ਨੂੰ ਸਥਾਨਕ ਵਾਤਾਵਰਣ ਦੇ ਅਨੁਭਵ ਉਪਲੱਬਧ ਕੀਤੇ ਜਾਣੇ ਚਾਹੀਦੇ ਹਨ।
18. ਹੁਨਰਾਂ ਨੂੰ ਖੇਡਾਂ ਅਤੇ ਦਸਤੀ ਗਤੀਵਿਧੀਆਂ ਵਿੱਚ ਵਿਕਸਤ ਕੀਤਾ ਜਾਣਾ ਚਾਹੀਦਾ ਹੈ। ਲੜਕੀਆਂ ਅਤੇ ਲੜਕਿਆਂ ਨੂੰ ਭਿੰਨ ਕਿਸਮਾਂ ਦੇ ਦਿਸ਼ਾ-ਨਿਰਦੇਸ਼ ਦਿੱਤੇ ਜਾਣੇ ਚਾਹੀਦੇ ਹਨ।
19. ਭਾਵਨਾਵਾਂ ਨੂੰ ਸਹੀ ਢੰਗ ਨਾਲ ਸਿਧਾਇਆ ਜਾਣਾ ਚਾਹੀਦਾ ਹੈ। ਭਾਵਨਾਤਮਕ ਉਰਜਾ ਨੂੰ ਲਾਹੇਵੰਦ ਅਤੇ ਸਮਾਜਿਕ ਤੌਰ 'ਤੇ ਮਾਨਤਾ ਪ੍ਰਾਪਤ ਚੈਨਲਾਂ 'ਚ ਨਿਰਦੇਸ਼ਤ ਕੀਤਾ ਜਾਣਾ ਚਾਹੀਦਾ।

## ਪ੍ਰੇਰਕ ਹੁਨਰਾਂ ਅਤੇ ਗਿਆਨ ਦਾ ਵਿਕਾਸ

ਨੋਟ

ਮੋਕਲੇ ਤੌਰ 'ਤੇ ਅਸੀਂ ਪ੍ਰੇਰਕ ਹੁਨਰਾਂ ਅਤੇ ਪ੍ਰਤੀਕਾਤਮਕ ਹੁਨਰਾਂ ਵਿੱਚ ਅੰਤਰ ਕਰ ਸਕਦੇ ਹਾਂ। ਪ੍ਰੇਰਕ ਹੁਨਰ ਉਹ ਹੁੰਦੇ ਹਨ ਜਿਹੜੇ ਸਿੱਧੇ ਪ੍ਰਤੀਕਾਤਮ ਹੁਨਰਾਂ ਅਤੇ ਸਰੀਰ ਅਤੇ ਇਸ ਦੇ ਹਿੱਸਿਆਂ ਦੀ ਸਿੱਧੀ ਹਰਕਤ ਨੂੰ ਸੰਸਿਲਤ ਕਰਦੇ ਹਨ। ਇੱਕ ਉਚਿਤ ਵਿਅਕਤੀਗਤ ਭਿੰਨਤਾ ਹੈ। ਕੁਝ ਲੋਕ ਆਸਾਨੀ ਨਾਲ ਨਵਾਂ ਪ੍ਰੇਰਕ ਹੁਨਰ ਹਾਸਲ ਕਰ ਲੈਂਦੇ ਹਨ ਜਦਕਿ ਕਈ ਇਸ ਦਾ ਦਰਮਿਆਨਾ ਹੀ ਹਾਸਲ ਕਰ ਸਕਦੇ ਹਨ। ਭੌਤਿਕ ਬਲ ਅਤੇ ਜਲਦਬਾਜ਼ੀ ਦੇ ਸੰਬੰਧ ਵਿੱਚ ਵਿਭਿੰਨਤਾਵਾਂ ਹਨ। ਪ੍ਰਤੀਕਾਤਮਕ ਹੁਨਰਾਂ ਵਿੱਚ ਭਾਸ਼ਾ,ਗਿਣਤੀ ਅਤੇ ਡਰਾਇੰਗ ਸ਼ਾਮਲ ਹੈ। ਇਨ੍ਹਾਂ ਪ੍ਰਤੀਕਾਤਮਕ ਹੁਨਰਾਂ ਦੁਆਰਾ ਵਿਅਕਤੀ ਸਰੀਰਕ ਅਜ਼ਮਾਇਸ਼ ਨੂੰ ਸ਼ਾਰਟ-ਸਰਕਟ ਕਰਨ ਦੇ ਯੋਗ ਹੋ ਜਾਂਦਾ ਹੈ ਨਾਲ ਹੀ ਭੁੱਲ (ਤਰੁੱਟੀ) ਪ੍ਰਕਿਰਿਆ ਨੂੰ, ਅਤੇ ਸਮੱਸਿਆਵਾਂ ਨੂੰ ਵਧੇਰੇ ਫੁਰਤੀ ਨਾਲ ਅਤੇ ਆਸਾਨੀ ਨਾਲ ਆਪਣੇ ਬੋਲਣ ਅਤੇ ਲਿੱਖਤੀ ਪ੍ਰਤੀਕਾਂ ਨਾਲ ਉਹ ਹੋਰਨਾਂ ਨੂੰ ਅਨੁਭਵ ਸੰਚਾਰ ਕਰ ਸਕਦਾ ਹੈ। ਇਸੇ ਲਈ ਇਹ ਮੰਨਿਆ ਜਾਂਦਾ ਹੈ ਕਿ ਪ੍ਰਤੀਕ ਵਿਕਅਤੀ ਦੀ ਮਹਾਨਤਮ ਈਜਾਦ ਦੀ ਰਚਨਾ ਕਰਦਾ ਹੈ। ਪ੍ਰਤੀਕਾਤਮਕ ਹੁਨਰਾਂ ਦੀ ਲੱਭਤ ਦੇ ਸੰਬੰਧ ਵਿੱਚ ਵਿਅਕਤੀਗਤ ਅੰਤਰ ਹਨ। ਮਿਸਾਲ ਦੇ ਤੌਰ 'ਤੇ ਕੁਝ ਵਿਅਕਤੀ ਪ੍ਰਤੀਕਾਂ ਨੂੰ ਆਸਾਨੀ ਅਤੇ ਰਵਾਨਗੀ ਨਾਲ ਵਰਤ ਸਕਦੇ ਹਨ ਜਦਕਿ ਹੋਰ ਹੌਲੀ ਅਤੇ ਝਿਜਕ ਨਾਲ ਬੋਲਦੇ ਹਨ। ਕਈਆਂ ਦਾ ਗਿਆਨ ਭਰਪੂਰ ਹੁੰਦਾ ਹੈ, ਜਦਕਿ ਕਈਆਂ ਦਾ ਬਹੁਤ ਘੱਟ। ਸੋਚਣ ਦੀ ਯੋਗਤਾ ਦੇ ਸੰਬੰਧ ਵਿੱਚ ਵਿਅਕਤੀਗਤ ਅੰਤਰ ਵੀ ਹਨ। ਚਿੰਤਨ ਦੁਆਰਾ ਵਿਅਕਤੀ ਸਥਿਤੀਆਂ ਬਾਰੇ ਅਗਾਊਂ ਜਾਣ ਲੈਂਦਾ ਹੈ ਅਤੇ ਹੋਰ ਸੰਭਾਵਨਾਵਾਂ ਲਈ ਤਿਆਰ ਹੋ ਜਾਂਦਾ ਹੈ ਤਾਂ ਜੋ ਉਹ ਆਪਣੇ ਆਪ ਨੂੰ ਨਿਯੰਤ੍ਰਣ ਕਰ ਸਕਣ, ਬਾਹਰੀ ਦੁਨੀਆਂ ਨੂੰ ਅਤੇ ਨਾਲ ਹੀ ਵਧੇਰੇ ਪ੍ਰਭਾਵ ਸ਼ਾਲੀ ਢੰਗ ਨਾਲ ਹੋਰਨਾ ਵਿਅਕਤੀਆਂ ਨੂੰ। ਅਸੀਂ ਇਹ ਸਮਝਣ ਦੀ ਕੋਸ਼ਿਸ਼ ਕਰਾਂਗੇ ਕਿ ਇਹ ਪ੍ਰੇਰਕ ਹੁਨਰ ਅਤੇ ਪ੍ਰਤੀਕਾਤਮਕ ਹੁਨਰ ਹਾਸਲ ਕੀਤੇ ਜਾਂਦੇ ਹਨ, ਅਤੇ ਉਨ੍ਹਾਂ ਦੇ ਵਿਕਾਸ ਦਾ ਕ੍ਰਮ ਕੀ ਹੈ।

ਪ੍ਰੇਰਕ ਹੁਨਰਾਂ ਵਿੱਚ ਨਿਮਨ ਵਿਕਾਸ ਹੁੰਦੇ ਹਨ:

## ੳ. ਗਤੀ ਸੰਬੰਧੀ ਅਤੇ ਜੁਗਤੀ ਹੁਨਰ

ਮੋਟੇ ਤੌਰ 'ਤੇ ਅਸੀਂ ਪ੍ਰੇਰਕ ਹੁਨਰਾਂ ਨੂੰ ਗਤੀ ਸੰਬੰਧੀ ਅਤੇ ਜੁਗਤੀ ਹੁਨਰਾਂ ਵਿੱਚ ਵੰਡ ਸਕਦੇ ਹਾਂ। ਗਤੀ ਸੰਬੰਧੀ ਹੁਨਰਾਂ ਵਿੱਚ ਅਜਿਹੀਆਂ ਗਤੀਵਿਧੀਆਂ ਸ਼ਾਮਲ ਹੁੰਦੀਆਂ ਹਨ ਜਿਵੇਂ ਕਿ ਤੁਰਨਾ, ਦੌੜਨਾ, ਉੱਪਰ ਚੜ੍ਹਨਾ। ਜੁਗਤੀ ਹੁਨਰਾਂ ਵਿੱਚ ਵਸਤਾਂ ਨੂੰ ਨਿਪੁੰਨਤਾ ਨਾਲ ਸੰਭਾਲਣਾ ਹੈ। ਪ੍ਰੇਰਕ ਹੁਨਰ ਸਾਰੇ ਉਮਰ ਵਰਗ ਲਈ ਬੇਹੱਦ ਅਹਿਮ ਹਨ। ਨਵ ਜਨਮਿਆ ਬੱਚਾ ਪੰਘੂੜੇ 'ਚ ਸੀਮਤ ਹੁੰਦਾ ਹੈ। ਉਹ ਆਪਣੀਆਂ ਗਤੀਵਿਧੀਆਂ ਨੂੰ ਉਦੋਂ ਵਧਾਉਂਦਾ ਹੈ ਜਦੋਂ ਆਪਣੇ ਇਰਦ-ਗਿਰਦ ਦੀਆਂ ਵਸਤਾਂ ਨੂੰ ਛੋਹਣ ਦੇ ਕਾਬਲ ਹੁੰਦਾ ਹੈ। ਜਦੋਂ ਉਹ ਰਿੜ੍ਹਨਾ ਸ਼ੁਰੂ ਹੁੰਦਾ ਹੈ, ਉਸ ਦੀ ਦੁਨੀਆਂ ਥੋੜ੍ਹੀ ਹੋਰ ਪਸਰ ਜਾਂਦੀ ਹੈ। ਇਸੇ ਲਈ ਹੀ ਕੁਝ ਭਾਰਤੀ ਘਰਾਂ ਵਿੱਚ ਜਦੋਂ ਇੱਕ ਬੱਚਾ ਖਿਸਕ-ਖਿਸਕ ਕੇ ਚੱਲਦਾ ਹੈ ਅਤੇ ਦਹਿਲੀਜ ਟੱਪ ਜਾਦਾ ਹੈ, ਇਸ ਨੂੰ ਉਸਦੇ ਵਾਧੇ ਵਿੱਚ ਇੱਕ ਘਟਨਾ ਦੇ ਤੌਰ 'ਤੇ ਮਨਾਇਆ ਜਾਂਦਾ ਹੈ। ਜਦੋਂ ਉਹ ਚੱਲਣਾ ਸਿੱਖ ਜਾਂਦਾ ਹੈ, ਉਸ ਦੀ ਗਤੀਵਿਧੀ ਦਾ ਖੇਤਰ ਥੋੜ੍ਹਾ ਹੋਰ ਵੱਧ ਜਾਂਦਾ ਹੈ ਅਤੇ ਮਾਪਿਆਂ



ਨੂੰ ਘਰ ਵਿਚਲੀਆਂ ਵਿਭਿੰਨ ਵਸਤਾਂ ਬਾਰੇ ਚੌਕਸ ਹੋਣਾ
ਪੈਂਦਾ ਹੈ ਜਿਹੜੇ ਕਿ ਖਰਾਬ ਜਾਂ ਟੁੱਟ ਸਕਦੇ ਹਨ ਅਤੇ
ਸੱਟ ਲੱਗਣ ਦਾ ਖਤਰਾ ਵੀ ਬਣ ਜਾਂਦਾਹੈ। ਪ੍ਰੰਤੂ ਉਸ ਦੇ ਮਾਪੇ ਜਾਣਦੇ ਹਨ ਕਿ ਅੜਿੱਕੇ ਬੇ-ਫਾਇਦੇ ਹਨ। ਕਿਉਂਕਿ ਬੱਚਾ ਐਨਾ ਕਿਰਿਆਸ਼ੀਲ ਹੈ ਕਿ ਉਹ ਨਵੀਆਂ ਵਸਤਾਂ ਅਤੇ ਨਵੇਂ
ਅਨੁਭਵ ਪ੍ਰਾਪਤ ਕਰ ਲੈਂਦਾ ਹੈ। ਧਾਰੀਦਾਰ ਪੱਠਾ ਪ੍ਰਣਾਲੀ ਦੀ ਕਿਰਿਆ
ਦੁਆਰਾ ਸਰੀਰ ਦੀਆਂ ਹਰਕਤਾਂ ਹੁਨਰ ਵਿੱਚ ਸ਼ਾਮਲ ਹੁੰਦੀਆਂ ਹਨ। ਕਈ
ਪ੍ਰੇਰਕ ਹੁਨਰ ਵਿਦਿਅਕ ਪ੍ਰਕਿਰਿਆ, ਅਥਲੈਟਿਕਸ ਅਤੇ ਖੇਡਾਂ,
ਅਤੇ ਕਰਾਫਟ ਵਿੱਚ ਸ਼ਾਮਲ ਹਨ, ਬੋਲਣ, ਲਿੱਖਣ ਅਤੇ ਪੜ੍ਹਨ-ਸਾਰਿਆਂ ਵਿੱਚ
ਪ੍ਰੇਰਕ ਹੁਨਰ ਸ਼ਾਮਲ ਹਨ।

ਨੋਟ

## ਅ. ਪ੍ਰੇਰਕ ਯੋਗਤਾਵਾਂ 'ਚ ਵਾਧਾ

ਬੱਚਾ ਤਿੰਨ ਕਿਸਮ ਦੇ ਪ੍ਰੇਰਕ ਹੁੰਗਾਰੇ ਪ੍ਰਦਰਸ਼ਤ ਕਰਦਾ ਹੈ:

ੳ) ਬੇਤੁਕੀ, ਸਾਧਾਰਣੀਕ੍ਰਿਤ ਗਤੀਵਿਧੀਆਂ ਜਾਂ ਸੰਪੂਰਣ ਬੱਚੇ ਨੂੰ ਸੰਮਿਲਿਤ ਕਰਦਿਆਂ ਪੁੰਜ ਹੁੰਗਾਰੇ।

ਅ) ਵਿਸ਼ੇਸ਼ ਪ੍ਰਤੀਕਿਰਿਆਵਾਂ ਜਿਵੇਂ ਕਿ ਚੁੰਘਣ ਵਾਂਗ-ਪਰਤਵਾਂ, ਝਪਟਣਾ ਅਤੇ ਬੇਬਿੰਸਕੀ।

ੲ) ਜਟਿਲ ਵਿਵਹਾਰ ਸ਼ੈਲੀਆਂ, ਸਮੇਤ ਚੌਂਕਾਂ ਦੇਣ ਵਾਲੇ ਹੁੰਗਾਰੇ ਵਾਂਗ ਕਈ ਪ੍ਰਤੀਬਿੰਬ ਦਾ ਤਾਲਮੇਲ।

ਪ੍ਰੇਰਕ ਯੋਗਤਾਵਾਂ ਵਿੱਚ ਵਾਧੇ ਦੇ ਅਹਿਮ ਪੜ੍ਹਾਵਾਂ ਵਿੱਚੋਂ ਇੱਕ ਅੱਖ-ਹੱਥ ਦਾ ਤਾਲਮੇਲ ਹੈ ਜਿਹੜਾ ਕਿ ਵਸਤਾਂ ਤੱਕ ਪਹੁੰਚਣ ਅਤੇ ਝਪਟਣ ਵਿੱਚ ਸ਼ਾਮਲ ਹੈ। ਇਸ ਸਮੇਂ ਬੱਚਾ 7 ਤੋਂ 7 ਮਹੀਨਿਆਂ ਦਾ ਹੁੰਦਾ ਹੈ, ਉਹ ਹੁਣ ਛੁਣਛੁਣਾ ਜਾਂ ਹੋਰ ਵਸਤਾਂ ਨੂੰ ਝਪਟਣ ਲਈ ਬੇਤੁਕੀਆਂ ਹਰਕਤਾਂ ਉੱਪਰ ਨਿਰਭਰ ਨਹੀਂ ਕਰਦਾ। ਸਭ ਤੋਂ ਅਹਿਮ ਵਸਤ-ਦ੍ਰਿਸ਼ਟੀ ਪੜਾਅ ਹੈ, ਜਿੱਥੇ ਕਿ ਦ੍ਰਿਸ਼ਟਮਾਨ ਅਤੇ ਪ੍ਰੇਰਕ ਗਤੀਵਿਧੀਆਂ ਦੀ ਪਰਸਪਰ ਕਿਰਿਆ ਹੁੰਦੀ ਹੈ, ਅਤੇ ਜੁਗਤੀ ਪੜਾਅ ਜਿੱਥੇ ਬੱਚਾ ਪੰਹੁਚਦਾ ਅਤੇ ਵਸਤੂ ਨੂੰ ਫੜਦਾ ਹੈ।

ਅਗਲੇਰਾ ਗਤੀ ਸੰਬੰਧੀ ਹੁਨਰਾਂ ਦਾ ਵਿਕਾਸ ਹੈ। ਸਾਲ-ਦਰ-ਸਾਲ ਤੋਂ ਯੋਗਤਾ ਵਿੱਚ ਇੱਕ ਵਾਧਾ ਹੋਇਆ ਹੈ। ਦਸਤੀ ਹੁਨਰ ਜਿਵੇਂ ਕਿ ਗੇਂਦ ਨੂੰ ਸੁੱਟਣਾ, ਕੈਚ ਕਰਨਾ ਅਤੇ ਉਛਾਲਣਾ ਆਦਿ ਅੱਖਾਂ, ਬਾਹਾਂ ਅਤੇ ਹੱਥਾਂ ਦੇ ਤਾਲਮੇਲ 'ਤੇ ਨਿਰਭਰ ਕਰਦਾ ਹੈ, ਸ਼੍ਰਵਣੀ ਉਕਸਾਹਟ ਵੱਲ ਪ੍ਰਤੀਕਿਰਿਆ ਦੀ ਰਫ਼ਤਾਰ ਉਮਰ ਦੇ ਨਾਲ ਸੁਖਰਦੀ ਹੈ। ਉਮਰ ਵੱਧਣ ਦੇ ਨਾਲ ਬੇਅਰਥ ਹਰਕਾਂ 'ਚ ਕਟੌਤੀ ਅਤੇ ਨਾਲ ਹੀ ਸਰੀਰਕ ਤਣਾਅ ਵਿੱਚ ਕਮੀ ਹੁੰਦੀ ਹੈ। ਇਸ ਤਰ੍ਹਾਂ ਹੁਣ ਬੱਚਾ ਛੇ ਸਾਲ ਦੀ ਉਮਰ ਵਿੱਚ ਐਲੀਮੈਂਟਰੀ ਸਕੂਲ ਵਿੱਚ ਆ ਜਾਂਦਾ ਹੈ ਜਦਕਿ ਉਹ ਪਹਿਲਾਂ ਤੋਂ ਹੀ ਕਈ ਗਤੀ ਸੰਬੰਧੀ ਅਤੇ ਨਾਲ ਹੀ ਦਸਤੀ ਹੁਨਰਾਂ 'ਤੇ ਕਾਬਜ਼ ਹੁੰਦਾ ਹੈ। ਸਕੂਲ ਦੇ ਸ਼ੁਰੂਆਤੀ ਸਾਲਾਂ ਵਿੱਚ ਗਤੀਵਿਧੀਆਂ ਨੂੰ ਅਸਲ ਵਿੱਚ ਲਿਆਉਣ ਲਈ ਰਵਾਨਗੀ ਅਤੇ ਨਿਪੁੰਨਤਾ ਵਿੱਚ ਵਾਧਾ ਹੋਇਆ ਹੈ।

ੲ) ਹੁਨਰਾਂ ਨੂੰ ਸਿੱਖਣ ਦੇ ਕੁਝ ਪਹਿਲੂ

ਨੋਟ

ਪ੍ਰੇਰਕ ਹੁਨਰ ਨੂੰ ਸਿੱਖਣ ਵਿੱਚ ਦੋਵੇਂ ਤੰਤੂ ਪ੍ਰਣਾਲੀ ਅਤੇ ਪਿੰਜਰ ਵਰਗੇ ਪੱਠੇ ਅਤੇ ਸਵੈ-ਪ੍ਰੇਰਤ ਤੰਤੂ ਪ੍ਰਣਾਲੀ ਸਮੇਤ ਅੰਤਰੀਵੀ ਪੱਠਿਆਂ ਨਾਲ, ਸੰਮਿਲਤ ਕਰਦਾ ਹੈ। ਪਿੰਜਰ ਕਿਰਿਆ ਫੌਰੀ ਹੁੰਦੀ ਹੈ, ਨਾਲ ਹੀ ਵਿਸ਼ੇਸ਼ ਅਤੇ ਸੀਮਤ ਜਿਹੜੀ ਕਿ ਕਾਇਮ ਨਹੀਂ ਰਹਿੰਦੀ। ਦੂਜੇ ਪਾਸੇ ਵਾਹਿਕਾ ਪ੍ਰੇਰਕ ਜਾਂ ਸਹਿਜ ਪੱਠਾ ਪ੍ਰਤੀਕਿਰਿਆ ਮੁਕਾਬਲਤਨ ਧੀਮਾ ਅਤੇ ਲੰਮਾ ਸਮਾਂ ਕਾਇਮ ਰਹਿੰਦਾ ਹੈ। ਇਹ ਖਿਲਰਿਆ ਅਤੇ ਵਿਸਤ੍ਰਤ ਹੈ। ਇਹੋ ਕਾਰਨ ਹੈ ਕਿ ਅਸੀਂ ਆਪਣੀਆਂ ਭਾਵਨਾਵਾਂ ਨੂੰ ਸੀਮਤ ਨਹੀਂ ਕਰ ਸਕਦੇ ਅਤੇ ਨਾ ਹੀ ਉਨ੍ਹਾਂ ਨੂੰ ਸਹੀ ਢੰਗ ਨਾਲ ਵਰਨਣ ਕਰ ਸਕਦੇ ਹਾਂ। ਇਹ ਸੁਣਨ ਦੇ ਵਾਧੇ ਨੂੰ ਸੰਮਿਲਤ ਕਰਦਾ ਹੈ।

ਹੁਨਰਾਂ ਦੇ ਸਿੱਖਣ ਵਿੱਚ ਸਹਿਜ ਪੱਠਾ ਪ੍ਰਤੀਕਿਰਿਆ ਤੋਂ ਪਿੰਜਰ ਵਰਗੀ ਪੱਠਾ ਪ੍ਰਤੀਕਿਰਿਆ ਨੂੰ ਸੰਮਿਲਤ ਕਰਦਾ ਹੈ। ਸਿੱਖਣ ਦੇ ਸ਼ੁਰੂਆਤੀ ਪੜ੍ਹਾਵਾਂ ਵਿੱਚ ਬੱਚਾ ਤਣਾਅ ਮਹਿਸੂਸ ਕਰ ਸਕਦਾ ਹੈ ਕਿਉਂਕਿ ਉਹ ਨਵੀਂ ਸਥਿਤੀ ਤੋਂ ਡਰਿਆ ਹੁੰਦਾ ਹੈ ਜਾਂ ਫੇਰ ਉਹ ਕਾਗਜ਼ ਹੋ ਸਕਦੇ ਹਨ ਕਿ ਉਸਨੂੰ ਇੱਕ ਨਵੀਂ ਸਥਿਤੀ ਵਿੱਚ ਪਾ ਦਿੱਤਾ ਗਿਆ ਹੈ, ਇਸ ਲਈ ਉਹ ਬੌਂਦਲਿਆ ਮਹਿਸੂਸ ਕਰਦਾ ਹੈ। ਤਣਾਅ ਦਾ ਮਕਸਦ ਬੱਚੇ ਦੇ ਸਰੋਤਾਂ ਨੂੰ ਗਤੀਸ਼ੀਲ ਕਰਨਾ ਹੈ ਅਤੇ ਨਵੀਂ ਸਥਿਤੀ ਦਾ ਸਾਹਮਣਾ ਕਰਨ ਲਈ ਗਤੀਵਿਧੀ ਵਾਸਤੇ ਊਰਜਾ ਉਪਲੱਬਧ ਕਰਨੀ ਹੈ। ਪਰਿਣਾਮਸਰੂਪ ਸੰਗਠਨ ਦੀ ਘਾਟ ਨਾਲ ਪ੍ਰਤੀਕਿਰਿਆ ਕਰਦਾ ਹੈ। ਦੂਜੇ ਪਾਸੇ, ਕਈ ਦੁਹਰਾਈਆਂ ਮਗਰੋਂ ਮਾਮੂਲੀ ਜਿਹੀਆਂ ਅੰਦਰੂਨੀ ਸ਼ਮੂਲੀਅਤਾਂ ਨਾਲ ਇੱਕ ਸਹਿਜ, ਸਰਲ ਅਤੇ ਸੰਤੁਲਤ ਕਿਰਿਆ ਹੁੰਦੀ ਹੈ।

ਕਿਸੇ ਹੁਨਰ ਨੂੰ ਸਿੱਖਣ ਲਈ ਪ੍ਰੇਰਣਾ ਬੇਹੱਦ ਜ਼ਰੂਰੀ ਹੁੰਦੀ ਹੈ। ਪ੍ਰਭਾਵਸ਼ਾਲੀ ਸਿੱਖਲਾਈ ਨੂੰ ਯਕੀਨੀ ਬਣਾਉਣ ਲਈ ਇੱਕ ਮੁਆਫ਼ਕ ਪੱਧਰ ਦੀ ਪ੍ਰੇਰਣਾ ਸਥਾਪਤ ਅਤੇ ਬਰਕਰਾਰ ਰੱਖਣੀ ਲਾਜ਼ਮੀ ਹੁੰਦੀ ਹੈ। ਪਰਿਵਰਤਨ ਦਾ ਇੱਕ ਕਾਰਕ ਵੀ ਹੁੰਦਾ ਹੈ। ਇੱਕ ਵਿਅਕਤੀ ਜਿਸ ਨੇ ਕਿ ਹੁਨਰਾਂ ਦੀ ਇੱਕ ਵਿਸਤਾਰਤ ਵਿਭਿੰਨਤਾ ਸਿੱਖੀ ਹੁੰਦੀ ਹੈ, ਬੇਹੱਦ ਆਸਾਨੀ ਨਾਲ ਨਵੇਂ ਹੁਨਰਾਂ ਨੂੰ ਸਿੱਖਣ ਦੇ ਯੋਗ ਹੁੰਦਾ ਹੈ। ਇਸ ਸਮੇਂ ਤੋਂ ਪਹਿਲਾਂ ਵਿਸ਼ੇਸ਼ ਟਰੇਨਿੰਗ ਦਾ ਮਾਮੂਲੀ ਜਿਹਾ ਜਾਂ ਫੇਰ ਲੰਮੀ ਅਵਧੀ ਦਾ ਅਸਰ ਹੁੰਦਾ ਹੈ। ਹੁਲਰ ਦੀ ਜਟਿਲਤਾ ਵੀ ਸਿੱਖਣ ਦੀ ਦਰ ਅਤੇ ਨਾਲ ਹੀ ਨਿਪੁੰਨਤਾ ਦੇ ਆਖਰੀ ਪੱਧਰ ਨੂੰ ਵੀ ਪ੍ਰਭਾਵਤ ਕਰਦੀ ਹੈ। ਸਿਖਾਂਦਰੂ ਨੂੰ ਜਾਣਕਾਰੀ ਦੀ ਮੁਆਫਕ ਗੁਣਵੱਤਾ ਅਤੇ ਮਾਤਰਾ ਦਿੱਤੀ ਜਾਣੀ ਚਾਹੀਦੀ ਹੈ ਉਸ ਦੀ ਕਾਰਗੁਜ਼ਾਰੀ ਬਾਰੇ। ਇਹ ਵੀ ਪਾਇਆ ਗਿਆ ਹੈ ਕਿ 'ਮਾਨਸਿਕ ਅਭਿਆਸ' ਇੱਕ ਹੁਨਰ ਨੂੰ ਸਿੱਖਣ ਵਿੱਚ ਬਹੁਤ ਹੱਦ ਤੱਕ ਮਦਦ ਕਰ ਸਕਦਾ ਹੈ। ਜੇਕਰ ਇੱਕ ਸਿਖਾਂਦਰੂ ਆਪਣੇ ਲਈ ਵਿਭਿੰਨ ਸਰਗਰਮੀਆਂ ਨੂੰ ਕਲਪਨਾ ਅਤੇ ਚਿਤਰਤ ਕਰਦਾ ਹੈ, ਇਹ ਉਸਦੀ ਮਦਦ ਕਰਦਾ ਹੈ।ਜੇਕਰ ਇੱਕ ਸਿਖਾਂਦਰੂ ਆਪਣੇ ਲਈ ਵਿਭਿੰਨ ਸਰਗਰਮੀਆਂ ਨੂੰ ਕਲਪਨਾ ਅਤੇ ਚਿਤਰਤ ਕਰਦਾ ਹੈ, ਇਹ ਉਸਦੀ ਮਦਦ ਕਰਦਾ ਹੈ। ਵਾਧੂ ਅਧਿਐਲ ਨਾਲ ਹੁਨਰਾਂ ਦੇ ਭੁੱਲਣ ਨੂੰ ਨਿਊਨਤਮ ਕੀਤਾ ਜਾ ਸਕਦਾ ਹੈ। ਇਸ ਨੂੰ ' ਪੜਾਅਵਾਰ ਅਭਿਆਸ ਦੇ ਥੋੜ੍ਹੇ ਸਮੇਂ ' ਉਪਲੱਬਧ ਕਰਕੇ ਵੀ ਕੀਤਾ ਜਾ ਸਕਦਾ ਹੈ।

## ਨੈਤਿਕ ਵਿਕਾਸ

ਨੈਤਿਕ ਵਿਕਾਸ ਮਨੁੱਖਾਂ ਦੀਆਂ ਬੇਹੱਦ ਅਹਿਮ ਵਿਕਾਸਤਮਕ ਵਿਮਾਵਾਂ ਵਿੱਚੋਂ ਇੱਕ ਹੈ। ਇਸ ਨੂੰ ਅਕਸਰ ਚਰਿੱਤਰ ਵਿਕਾਸ ਦੇ ਤੌਰ 'ਤੇ ਹਵਾਲਾ ਦਿੱਤਾ ਜਾਂਦਾ ਹੈ। ਨੈਤਿਕ ਵਿਵਹਾਰ ਜਾਂ ਚਰਿੱਤਰ ਨੂੰ ਵਿਅਕਤੀ ਦੇ ਸੰਪੂਰਣ ਵਿਅਕਤਿਤਵ ਦੀ ਜ਼ਰੂਰੀ ਗੁਣਵੱਤਾ ਦੇ ਤੌਰ 'ਤੇ ਵੀ ਵਿਚਾਰਿਆ ਜਾਂਦਾ ਹੈ।

ਮਨੁੱਖ ਜਨਮ ਤੋਂ ਨਾ ਹੀ ਨੈਤਿਕ ਅਤੇ ਨਾ ਹੀ ਅਨੈਤਿਕ ਹੁੰਦਾ ਹੈ। ਉਨ੍ਹਾਂ ਦਾ ਚਰਿੱਤਰ ਉਨ੍ਹਾਂ ਦੇ ਮਾਪਿਆਂ, ਰਿਸ਼ਤੇਦਾਰਾਂ, ਗੁਆਂਢੀਆਂ, ਜਮਾਤ, ਸਕੂਲੀ ਸਾਥੀਆਂ, ਹੋਰ ਦੋਸਤ ਹਮ ਉਮਰ ਅਤੇ ਵਿਸ਼ਾਲ ਸਮਾਜ ਦੇ ਮੈਂਬਰਾਂ ਦੁਆਰਾ ਘੜਿਆ ਜਾਦਾ ਹੈ।

ਚਰਿੱਤਰ ਦਾ ਵਿਕਾਸ ਨਿਮਨ ਕਾਰਕਾਂ ਉੱਪਰ ਨਿਰਭਰ ਹੁੰਦਾ ਹੈ:

1. ਵਿਅਕਤੀ ਦਾ ਜੀਵ ਵਿਗਿਆਨਕ ਸ਼ਿੰਗਾਰ

2. ਭੌਤਿਕ ਵਾਤਾਵਰਣ

3. ਸਮਾਜਿਕ ਪ੍ਰਭਾਵ

4. ਸੱਭਿਆਚਾਰਕ ਵਿਰਸਾ

5. ਸਰੀਰਕ ਅਤੇ ਮਾਨਸਿਕ ਤੰਦਰੁਸਤੀ

6. ਸਮੁਦਾਇ ਦੇ ਕਾਇਦਾ-ਕਾਨੂੰਨ

7. ਸਮਾਜਿਕ-ਆਰਥਿਕ ਰੁਤਬਾ

8. ਗੁਣਕਾਰੀ ਅਤੇ ਲਾਹੇਵੰਦ ਅਨੁਭਵ

9. ਸਚੇਤ ਟਰੇਨਿੰਗ ਅਤੇ

10. ਵੱਡੇ ਮੈਂਬਰਾਂ ਵੱਲੋਂ ਮਨਜ਼ੂਰੀ ਅਤੇ ਸਜ਼ਾ

## ਨੈਤਿਕ ਵਿਕਾਸ ਦੀਆਂ ਵਿਸ਼ੇਸ਼ਤਾਈਆਂ

ਨੈਤਿਕ ਵਿਕਾਸ ਦੇ ਪੜਾਅਵਾਰ ਵਿਸ਼ੇਸ਼ ਗੁਣਾਂ ਨੂੰ ਹੇਠਾਂ ਵਰਨਣ ਕੀਤਾ ਗਿਆ ਹੈ।

### ਬਾਲਪਣ

- ਜਨਮ ਸਮੇਂ ਬੱਚਾ ਨਾਂ ਤਾਂ ਨੈਤਿਕ ਨਾ ਹੀ ਅਨੈਤਿਕ ਜਨਮ ਲੈਂਦਾ ਹੈ।
- ਉਹ ਪਕਿਆਈ (ਪ੍ਰੌਢਤਾ) ਅਤੇ ਅਨੁਭਵ ਰਾਹੀਂ ਵਾਧੇ ਲਈ ਸਮਰੱਥਾ ਨਾਲ ਪੈਦਾ ਹੁੰਦਾ ਹੈ।
- ਲੋੜੀਂਦੀ ਪਕਿਆਈ ਦੀ ਪ੍ਰਾਪਤੀ ਜ਼ਰੂਰੀ ਹੈ ਇਸ ਤੋਂ ਪਹਿਲਾਂ ਕਿ ਬੱਚਾ ਆਚਰਣ ਸੰਬੰਧੀ ਨਿਸ਼ਚਤ ਕਿਸਮਾਂ ਦਾ ਪ੍ਰਦਰਸ਼ਨ ਕਰ ਸਕੇ।

- ਮਾਪਿਆਂ ਵੱਲੋਂ ਉਪਲੱਬਧ ਮਨਜ਼ੂਰੀ (ਪ੍ਰਤੀਬਿੰਬ) ਅਤੇ ਸਜ਼ਾ ਦੇ ਅੰਤਰੀਵੀਕਰਣ ਦੇ ਸਿੱਟੇ ਵੱਜੋਂ ਘਰ ਵਿੱਚ ਆਚਰਣ ਦੀਆਂ ਸ਼ੈਲੀਆਂ (ਢੰਗ) ਸਿੱਖੀਆਂ ਜਾਂਦੀਆਂ ਹਨ, ਜਿਹੜੀਆਂ ਕਿ ਨੈਤਿਕ ਸਵੈ ਜਾਂ ਸਚੇਤਤਾ ਦੇ ਵਿਕਾਸ ਵੱਲ ਲਿਜਾਂਦੀਆਂ ਹਨ।ਸਕੂਲ-ਪੂਰਵ ਪੜਾਅ ਵਿੱਚ ਅਧਿਆਪਕ, ਵਿਵਹਾਰ ਦੀ ਮਨਜ਼ੂਰੀ ਅਤੇ ਨਾ ਮਨਜ਼ੂਰੀ ਰਾਹੀਂ ਅਤੇ ਲਾਹੇਵੰਦ ਜੀਵੰਤ ਅਨੁਭਵਤਾਂ

ਨੋਟ

ਦੁਆਰਾ, ਬੱਚਿਆਂ ਨੂੰ ਇੱਛਾਯੋਗ (ਬਾਂਛਨੀ) ਆਚਰਣ ਵਿਕਾਸ ਕਰਨ ਵਿੱਚ ਮਦਦ ਕਰਦੇ ਹਨ।

- ਪ੍ਰਸੰਨਤਾ ਅਤੇ ਪੀੜਾ ਦੇ ਸਿਧਾਂਤ ਦੁਆਰਾ ਬੱਚਾ ਵੱਡੇ ਪੱਧਰ 'ਤੇ ਸਮਾਜ ਦੀਆਂ ਸਵੀਕ੍ਰਿਤੀਆਂ ਅਤੇ ਉਮੀਦਾਂ ਬਾਰੇ ਜਾਣਦਾ ਹੈ।

### ਬਾਲ ਅਵਸਥਾ

- ਇਸ ਅਰਸੇ ਦੌਰਾਨ ਹਮਰੁਤਬਾ ਸਮੂਹ ਅਨੁਸ਼ਾਸਨਾਤਮਕ ਪ੍ਰਕਿਰਿਆਵਾਂ ਰਾਹੀਂ, ਜਿਨ੍ਹਾਂ ਦਾ ਉਹ ਅਨੁਸਰਣ ਕਰਦੇ ਹਨ, ਬੱਚਿਆਂ ਦੇ ਨੈਤਿਕ ਵਿਵਹਾਰ ਨੂੰ ਵਿਕਸਤ ਕਰਨ ਵਿੱਚ ਇੱਕ ਅਹਿਮ ਭੂਮਿਕਾ ਅਦਾ ਕਰਦੇ ਹਨ।
- ਬੱਚਿਆਂ ਦਾ ਸੰਪਰਕ ਗੌਣ ਸਮੂਹ ਵੱਲ ਪਸਰਦਾ ਹੈ ਅਤੇ ਮਾਪਿਆਂ, ਅਧਿਆਪਕਾਂ ਅਤੇ ਹੋਰ ਸਮਾਜ ਦੇ ਮੈਂਬਰਾਂ ਵੱਲੋਂ ਦਿੱਤੇ ਪੁਰਸਕਾਰ ਅਤੇ ਸਜ਼ਾਵਾਂ ਅਗਾਂਹ ਨੈਤਿਕ ਸਵੈ ਨੂੰ ਮਜ਼ਬੂਤ ਕਰਨ ਵਿੱਚ ਮਦਦ ਕਰਦੇ ਹਨ।
- ਇਨ੍ਹਾਂ ਦੋਨਾਂ ਅਰਸਿਆਂ ਦੌਰਾਨ ਬੱਚੇ ਸਮਾਜਿਕ ਅਤੇ ਸੱਭਿਆਚਾਰਕ ਨੇਮਾਂ, ਰੀਤੀ ਰਿਵਾਜ਼ਾਂ ਅਤੇ ਸੰਹਿਤਾ ਨਾਲ ਅਨੁਕੂਲਣ ਹੁੰਦੇ ਹਨ, ਸਗੋਂ ਅਣ ਆਲੋਚਨਾਤਮਕ ਢੰਗ ਨਾਲ।
- ਕੁਝ ਪੂਰਵ ਲਿੱਖਤ ਪੈਰਿਆਂ ਦੇ ਸਿਰਫ਼ ਰੱਟਾ ਲਾਉਣਾ ਲੋਚਿਤ ਵਿਵਹਾਰ ਦੇ ਵਿਕਾਸ ਵਿੱਚ ਮਦਦ ਨਹੀਂ ਕਰਦੇ, ਸਗੋਂ ਉਨ੍ਹਾਂ ਨੂੰ ਸਮਝਣਾ ਅਤੇ ਅੰਤਰੀਵੀਕਰਣ ਕਰਨਾ ਜ਼ਰੂਰੀ ਹੈ।
- ਈਮਾਨਦਾਰੀ, ਸੱਚਿਆਈ, ਭਰੋਸੇਯੋਗਤਾ ਆਦਿ ਇਸੇ ਦੌਰਾਨ ਅਰਥ ਭਰਪੂਰ ਹੋ ਜਾਂਦਾ ਹੈ।
- ਸਵੈ-ਚੁਣੇ ਸਿਰਿਆਂ ਵੱਲ ਸਵੈ-ਸੇਧ ਲਈ ਮਨਾਹੀ ਅਤੇ ਯੋਗਤਾ ਦੀ ਸ਼ਕਤੀ ਵਿਕਸਤ ਹੋਣਾ ਸ਼ੁਰੂ ਹੋ ਜਾਂਦੀ ਹੈ।

### ਆਪਣੀ ਪ੍ਰਗਤੀ ਦੀ ਪਰਖ ਕਰੋ 4

ਬਾਲ ਅਵਸਥਾ ਵਿੱਚ ਵਿਕਾਸ ਦੇ ਪ੍ਰਮੁੱਖ ਪੜ੍ਹਾਵਾਂ ਦਾ ਸੰਖੇਪ ਵਰਨਣ ਕਰੋ। ਲਗਭਗ 100 ਸ਼ਬਦਾਂ ਵਿੱਚ ਲਿੱਖੋ।

________________________________________________

________________________________________________

________________________________________________

## 1.6.2 ਅਧਿਆਪਨ ਅਤੇ ਸਿੱਖਣ ਲਈ ਵਿਕਾਸ ਦੇ ਪੜ੍ਹਾਵਾਂ ਦੇ ਭਾਵ-ਅਰਥ

ਵਾਧੇ ਅਤੇ ਵਿਕਾਸ ਦਾ ਗਿਆਨ ਅਤੇ ਵਿਕਾਸ ਦਾ ਸਿਧਾਂਤ ਅਧਿਆਪਕਾਂ ਲਈ ਲਾਹੇਵੰਦ ਹੁੰਦੇ ਹਨ। ਨਿਮਨ ਦਾ ਪ੍ਰੀਖਣ ਕਰੋ ਅਤੇ ਵੇਖੋ ਕਿ ਇਹ ਜਮਾਤ ਵਿੱਚ ਤੁਹਾਡੇ ਅਧਿਆਪਨ ਵਿੱਚ ਲਾਹੇਵੰਦ ਹਨ:

1. ਇਹ ਅਧਿਆਪਕਾਂ ਨੂੰ ਬੱਚਿਆਂ ਦੇ ਵਿਕਾਸ ਦੇ ਪੱਧਰ ਨਾਲ ਅਧਿਆਪਨ ਢੰਗ ਅਤੇ ਪੱਧਰਾਂ ਨੂੰ ਸਮਸੁਰ ਕਰਨ ਵਿੱਚ ਮਦਦ ਕਰਦਾ ਹੈ। ਉਹ ਪ੍ਰਭਾਵਸ਼ਾਲੀ ਢੰਗ ਨਾਲ ਬੱਚਿਆਂ ਨੂੰ ਵਿਸ਼ਾ-ਵਸਤੂ ਸੰਚਾਰਤ ਕਰ ਸਕਦੇ ਹਨ।
2. ਉਹ ਬੱਚਿਆਂ ਤੋਂ ਉਮੀਦਾਂ ਦੀਆਂ ਸੀਮਾਵਾਂ ਬਾਰੇ ਵਿਚਾਰ ਭਰਪੂਰ ਹੋ ਸਕਦੇ ਹਨ। ਗਤੀਵਿਧੀਆਂ ਉਨ੍ਹਾਂ ਦੀ ਉਮਰ ਦੇ ਉਚਿਤ ਹੋ ਸਕਦੀਆਂ ਹਨ। ਉਹ ਜਾਣਦੇ ਹਨ ਕਿ ਉਨ੍ਹਾਂ ਤੋਂ ਕਦੋਂ ਅਤੇ ਉਮੀਦ ਕੀਤੀ ਜਾਣੀ ਚਾਹੀਦੀ ਹੈ।
3. ਉਹ ਕੁਝ ਪਹਿਲੂਆਂ ਨੂੰ ਸਿੱਖਣ ਲਈ ਪਕਿਆਈ ਦੀ ਲੋੜ ਅਨੁਭਵ ਕਰਕੇ ਬੱਚਿਆਂ ਨੂੰ ਸਮਝਣ ਵਿੱਚ ਵਧੇਰੇ ਹਕੀਕੀ ਹੋ ਸਕਦਾ ਹੈ।

4. ਉਹ ਵਿਕਾਸ ਸ਼ੈਲੀਆਂ ਮੁਤਾਬਕ ਸਿੱਖਣ ਪ੍ਰਕਿਰਿਆ ਦੀ ਯੋਜਨਾ ਬਣਾ ਸਕਦੇ ਹਨ; ਭਾਵ ਵਿਸ਼ੇਸ਼ ਤੋਂ ਸਾਧਾਰਣ ਅਤੇ ਸਾਧਾਰਣ ਤੋਂ ਵਿਸ਼ੇਸ਼।

ਨੋਟ

5. ਵਿਭਿੰਨ ਪਹਿਲੂਆਂ ਦੇ ਅੰਤਰਸੰਬੰਧਨ ਅਤੇ ਅੰਤਰ ਨਿਰਭਰਤਾ ਦਾ ਸਿਧਾਂਤ ਬੱਚੇ ਦੇ ਸਮਸੁਰ ਵਿਕਾਸ ਵਿੱਚ ਮਦਦ ਕਰਦਾ ਹੈ।

6. ਸ਼ੈਲੀ ਦੀ ਇਕਸਾਰਤਾ ਹਰੇਕ ਵਿਅਕਤੀ ਨੂੰ ਵਿਕਾਸ ਪ੍ਰਾਪਤ ਕਰਨ ਲਈ ਤਿਆਰ ਕਰਦਾ ਹੈ।

7. ਵਾਤਾਵਰਣ ਦੀ ਭੂਮਿਕਾ ਬਾਰੇ ਜਾਣ ਕੇ ਉਹ ਬੱਚਿਆਂ ਦੀ ਪਰਵਰਿਸ਼ ਵਿੱਚ ਵਾਤਾਵਰਣਕ ਸਥਿਤੀਆਂ ਵੱਲ ਲੋੜੀਂਦਾ ਧਿਆਨ ਦੇ ਸਕਦੇ ਹਨ।

8. ਵਿਕਾਸ ਮਨੁੱਖੀ ਜੀਵਨ ਦੇ ਸਾਰੇ ਪੜ੍ਹਾਵਾਂ ਅਤੇ ਮਿਆਦਾਂ ਵਿੱਚ ਨਿਰੰਤਰ ਤੇ ਬੇ-ਰੋਕ ਪ੍ਰਕਿਰਿਆ ਹੈ। ਇਸ ਲਈ ਸਾਨੂੰ ਸਾਡੇ ਵਿਅਕਤਿਤਵ ਦੀਆਂ ਵਿਭਿੰਨ ਵਿਮਾਵਾਂ ਵਿੱਚ ਵਿਕਾਸ ਦੇ ਸ਼ਬਦਾਂ ਵਿੱਚ ਸੰਪੂਰਣਤਾ ਹਾਸਲ ਕਰਨ ਲਈ ਆਪਣੇ ਯਤਨ ਨਹੀਂ ਤਿਆਗਣੇ ਚਾਹੀਦੇ।

9. ਵਿਅਕਤੀਗਤ ਅੰਤਰਾਂ ਦਾ ਗਿਆਨ ਅਤੇ ਸਿਧਾਂਤ ਸਾਨੂੰ ਵਿਆਪਕ ਵਿਅਕਤੀਗਤ ਅੰਤਰਾਂ ਨੂੰ ਸਮਝਣ ਦੀ ਯਾਦ ਦਿਵਾਉਂਦਾ ਹੈ ਜਿਹੜਾ ਕਿ ਬੱਚਿਆਂ ਵਿਚਾਲੇ ਵਾਧੇ ਅਤੇ ਵਿਕਾਸ ਦੇ ਹਰੇਕ ਅਰਸੇ ਦੌਰਾਨ ਪ੍ਰਭਾਵ ਪਾਉਂਦਾ ਹੈ। ਹਰੇਕ ਬੱਚੇ ਨੂੰ ਉਸਦੀ ਆਪਣੀਆਂ ਸ਼ਕਤੀਆ ਅਤੇ ਸੀਮਾਵਾਂ ਦੇ ਦਾਇਰੇ ਅੰਦਰ ਵਿਕਾਸਾਤਮਕ ਪ੍ਰਕਿਰਿਆ ਦੇ ਨਾਲ ਮਦਦ ਕੀਤੀ ਜਾਣੀ ਚਾਹੀਦੀ ਹੈ।

10. ਵਾਧੇ ਅਤੇ ਵਿਕਾਸ ਨਾਲ ਸੰਬੰਧਤ ਸਿਧਾਂਤ ਵਿਕਾਸੀ ਪੱਥ ਉੱਪਰ ਬੱਚਿਆਂ ਦੀ ਰਵਾਨਗੀ ਲਈ ਇੱਕ ਸ਼ੈਲੀ ਜਾਂ ਰੁਝਾਨ ਸੁਝਾਉਂਦੇ ਹਨ। ਇਹ ਗਿਆਨ ਸਾਨੂੰ ਇਹ ਸਮਝਣ ਵਿੱਚ ਮਦਦ ਕਰਦਾ ਹੈ ਕਿ ਇੱਕ ਵਿਸ਼ੇਸ਼ ਵਿਕਾਸਾਤਮਕ ਪੜਾਅ 'ਤੇ ਸਹੀ ਵਾਧਾ ਅਤੇ ਵਿਕਾਸ ਦੇ ਸ਼ਬਦਾਂ ਵਿੱਚ ਕੀ ਉਮੀਦ ਕੀਤੀ ਜਾ ਸਕਦੀ ਹੈ, ਫੇਰ ਅਸੀਂ ਵਾਤਾਵਰਣਕ ਅਨੁਭਵਾਂ ਨੂੰ ਸੰਗਠਤ ਕਰਕੇ ਇਸ ਨੂੰ ਹਾਸਲ ਕਰਨ ਲਈ ਯੋਜਨਾ ਬਣਾ ਸਕਦੇ ਹਾਂ।

### ਆਪਣੀ ਪ੍ਰਗਤੀ ਦੀ ਪਰਖ ਕਰੋ 5

ਕੀ ਬੱਚੇ ਦੇ ਵਾਧੇ ਅਤੇ ਵਿਕਾਸ ਦਾ ਗਿਆਨ ਅਧਿਆਪਕਾਂ ਨੂੰ ਆਪਣੀ ਅਧਿਆਪਨ ਬਿਹਤਰ ਕਰਨ ਵਿੱਚ ਮਦਦ ਕਰੇਗਾ? ਲਗਭਗ 100 ਸ਼ਬਦਾਂ 'ਚ ਲਿੱਖੋ।

______________________________________________

______________________________________________

______________________________________________

## 1.7 ਬੱਚਿਆਂ ਦੇ ਵਾਧੇ ਅਤੇ ਵਿਕਾਸ ਵਿੱਚ ਅਧਿਆਪਕਾਂ ਦੀ ਭੂਮਿਕਾ

ਇੱਕ ਅਧਿਆਪਕ ਨੂੰ ਭਿੰਨ ਸਮਾਜਿਕ-ਆਰਥਿਕ ਅਤੇ ਸੱਭਿਆਚਾਰਕ ਪਿਛੋਕੜ ਦੇ ਬੱਚਿਆਂ ਨਾਲ ਵਰਤਾਰਾ ਕਰਨਾ ਪੈਂਦਾ ਹੈ, ਜਿਨ੍ਹਾਂ ਦਾ ਭਿੰਨ ਉਮਰ ਪੜ੍ਹਾਵਾਂ 'ਤੇ ਆਪਣੇ ਆਪ ਵਿੱਚ ਨਿੱਜੀ ਅੰਤਰਾਂ ਦੀ ਵੱਡੀ ਵਿਭਿੰਨਤਾ ਹੁੰਦੀ ਹੈ। ਸਮਾਜ ਦਾ ਇੱਕ ਏਜੰਟ ਹੋਣ ਨਾਤੇ ਅਧਿਆਪਕ ਬੱਚਿਆਂ ਦੇ ਵਿਵਹਾਰ ਵਿੱਚ ਬਾਂਛਨੀ ਤਬਦੀਲੀਆਂ ਲਿਆਉਣ ਲਈ ਜ਼ਿੰਮੇਵਾਰ ਹੁੰਦਾ ਹੈ ਤਾਂ ਜੋ ਉਹ ਰਾਸ਼ਟਰ ਦੇ ਵਿਕਾਸ ਦੀ ਪ੍ਰਕਿਰਿਆ ਨੂੰ ਗਤੀ ਦੇਣ ਲਈ ਇੱਕ ਚੰਗੇ ਨਾਗਰਿਕ ਦੀਆਂ ਜ਼ਿੰਮੇਵਾਰੀਆਂ ਨੂੰ ਮੋਢਾ ਦੇ ਸਕਣ। ਵਿਕਾਸ ਅਧਿਐਨ ਦਾ ਇੱਕ ਹੋਰ

ਨੋਟ

ਕਾਰਨ ਭੂਤਕਾਲ ਤੋਂ ਵਰਤਮਾਨ ਤੱਕ ਇਸ ਦੀ ਨਿਰੰਤਰਤਾ ਹੈ ਅਤੇ ਵਰਤਮਾਨ ਨੂੰ ਬੀਤੇ ਇਤਿਹਾਸ ਦੇ ਸ਼ਬਦਾਂ ਵਿੱਚ ਸਮਝਿਆ ਜਾ ਸਕਦਾ ਹੈ। ਸਕੂਲ ਜਾਣ ਤੋਂ ਪਹਿਲਾਂ ਇੱਕ ਬੱਚਾ ਆਪਣੇ ਘਰ ਅਤੇ ਗੁਆਂਢ ਦੇ ਵਾਤਾਵਰਣ ਤੋਂ ਕਾਫ਼ੀ ਮਾਤਰਾ ਵਿੱਚ ਅਨੁਭਵ ਸੰਚਿਤ ਕਰ ਲੈਂਦਾ ਹੈ ਜਿਹੜਾ ਕਿ ਪ੍ਰਭਾਵੀ ਢੰਗ ਨਾਲ ਰਸਮੀ ਸਿੱਖਿਆ ਸ਼ੁਰੂ ਕਰਨ ਲਈ ਬੇਹੱਦ ਲਾਹੇਵੰਦ ਹੁੰਦਾ ਹੈ। ਅਧਿਆਪਕ ਨੂੰ ਹਰੇਕ ਬੱਚੇ ਦੀ ਸਮਰੱਥਾ ਅਤੇ ਸੰਭਾਵਨਾ ਦਾ ਪਤਾ ਹੋਣਾ ਚਾਹੀਦਾ ਹੈ ਜਿਹੜੇ ਉਸ ਦੀ ਜਮਾਤ ਵਿੱਚ ਪੜ੍ਹਦੇ ਹਨ ਤਾਂ ਜੋ ਉਹ ਉਨ੍ਹਾਂ ਨੂੰ ਵਿਅਕਤੀਗਤ ਤੌਰ ’ਤੇ ਅਤੇ ਸਮਾਜ ਦੇ ਲਾਹੇ ਲਈ ਵੱਧ ਤੋਂ ਵੱਧ ਵਰਤਿਆ ਜਾ ਸਕੇ। ਅਧਿਆਪਕ ਨੂੰ ਵਾਧੇ ਅਤੇ ਵਿਕਾਸ ਦਾ ਹਰੇਕ ਸਿਧਾਂਤ ਪਤਾ ਹੋਣਾ ਚਾਹੀਦਾ ਹੈ, ਅਤੇ ਵਿਸ਼ੇਸ਼ਤਾਈਆਂ - ਜਿਹੜੀਆਂ ਭਿੰਨ ਉਮਰ ਪੜਾਵਾਂ ’ਤੇ ਭਿੰਨ ਵਿਕਾਸਾਤਮਕ ਵਿਮਾਵਾਂ ’ਚ ਬੱਚਿਆਂ ਦੇ ਸਮਸੁਰ ਵਿਕਾਸ ਲਈ ਪ੍ਰਭਾਵਸ਼ਾਲੀ ਮਾਰਗਦਰਸ਼ਨ ਲਈ ਹਮ-ਉਗਮਣ ਹੁੰਦੀਆਂ ਹਨ। ਇੱਕ ਬੱਚੇ ਦਾ ਆਲੇ-ਦੁਆਲੇ ਦੀ ਪਰਸਪਰ ਕਿਰਿਆ ਕਾਰਨ ਨਿਰੰਤਰ ਬਦਲਦਾ ਵਰਤਾਰਾ ਇੱਕ ਅਧਿਆਪਕ ਵੱਲੋਂ ਸਮਝਿਆ ਜਾਣਾ ਚਾਹੀਦਾ ਹੈ।

ਇੱਕ ਚੰਗਾ ਅਧਿਆਪਕ ਇੱਕ ਬੱਚੇ ਦੇ ਜੀਵਨ ਵਿੱਚ ਅੱਜ ਅਤੇ ਸਾਰੇ ਭਵਿੱਖ ਲਈ ਯੋਗਦਾਨ ਪਾਉਂਦਾ ਹੈ।

1. ਸੁਰੱਖਿਆ ਲਈ ਅਧਿਆਪਕ ਦੇ ਸਨੇਹ, ਸਮਝ ਅਤੇ ਖਿਆਲ ਰਾਹੀਂ, ਅਤੇ ਪਰਿਵਾਰ ਦੇ ਸਮੁਦਾਇ ਵਿੱਚ ਸਵੀਕ੍ਰਿਤ ਸਥਾਨ ਰਾਹੀਂ ਇਸਦੀ ਏਕਤਾ ਅਤੇ ਇਸ ਦੀ ਆਰਥਕ ਸਥਿਰਤਾ ਰਾਹੀਂ ਸੁਰੱਖਿਆ ਲਈ ਬੱਚਿਆਂ ਦੀ ਲੋੜਾਂ ਨੂੰ ਪੂਰਾ ਕਰਦਾ ਹੈ।
2. ਉੱਦਮ ਨੂੰ ਹੱਲਾਸ਼ੇਰੀ ਦੇਣ ਲਈ ਕਾਫ਼ੀ ਸਫ਼ਲਤਾ ਨਾਲ ਕੰਮ ਦੇ ਅਵਸਰਾਂ ਰਾਹੀਂ; ਹੋਰਨਾਂ ਲਈ ਮਦਦ ਭਰਪੂਰ ਸੇਵਾਵਾਂ ਲਈ ਅਵਸਰਾਂ ਰਾਹੀਂ, ਪ੍ਰਾਪਤੀ ਲਈ ਪ੍ਰਾਕਿਰਤਕ ਇੱਛਾਵਾਂ ਦੇ ਨਾਲ ਦਖਲਅੰਦਾਜ਼ੀ ਤੋਂ ਮੁਕਤੀ ਰਾਹੀਂ ਸੰਪੂਰਣਤਾ ਲਈ ਬੱਚਿਆਂ ਦੀਆਂ ਲੋੜਾਂ ਪੂਰੀਆਂ ਕਰਦਾ ਹੈ।
3. ਨਿਗਰਾਨੀ ਹੇਠ, ਵੋਕੇਸ਼ਨਲ ਮਾਰਗ ਦਰਸ਼ਨ ਰਾਹੀਂ, ਜੀਵਨ-ਜਾਚ ਅਤੇ ਸਦਾਚਾਰ ਵਿੱਚ ਟ੍ਰੇਨਿੰਗ ਰਾਹੀਂ, ਦੂਜੇ ਲੋਕਾਂ ਦੇ ਟੀਚਿਆਂ ਅਤੇ ਮੰਤਵਾਂ ਨਾਲ ਮਧੁਰਤਾ ਵਿੱਚ ਰਹਿਣਾ ਸਿੱਖਣ ਵਿੱਚ ਮਦਦ ਰਾਹੀਂ ਸ਼ੁਰੂਆਤੀ ਸਮਾਜਿਕ ਟਰੇਨਿੰਗ ਉਪਲੱਬਧ ਕਰਦਾ ਹੈ।
4. ਪ੍ਰਸ਼ਨਾਂ ਦੇ ਉੱਤਰ ਰਾਹੀਂ, ਉਸ ਨੂੰ ਖੇਡਣ ਲਈ ਸਥਾਨ ਅਤੇ ਚੀਜ਼ ਦੇ ਕੇ ਆਪਣੇ ਲਈ ਕਰਨ ਵਾਸਤੇ ਹੱਲਾਸ਼ੇਰੀ ਦੇ-ਕੇ ਮਾਨਸਿਕ ਵਿਕਾਸ ਲਈ ਅਵਸਰ ਉਪਲਬੱਧ ਕਰਦਾ ਹੈ।
5. ਇੱਕ ਆਦਰਸ਼ ਅਧਿਆਪਕ ਇੱਕ ਬੱਚੇ ਲਈ ਉਸਦੀਆਂ ਭਾਵਨਾਵਾਂ ਅਤੇ ਯੋਗਤਾਵਾਂ ਦੇ ਵਿਕਾਸ ਲਈ ਇੱਕ ਦੋਸਤਾਨਾ ਅਤੇ ਮਹਿਮਾਨਨਿਵਾਜ਼ ਵਾਤਾਵਰਣ ਉਪਲੱਬਧ ਕਰੇਗਾ ਅਤੇ ਇੱਕ ਗੌਰਵਸ਼ਾਲੀ ਸਮਾਜਿਕ ਰੁਤਬੇ ਦੇ ਸਮੂਹ ਵਿੱਚ ਸੰਬੰਧਨ ਨੂੰ ਸੁਰੱਖਿਅਤ ਰੱਖਦਾ ਹੈ ਜਿੱਥੇ ਉਸ ਨੂੰ ਪਿਆਰ, ਸੁਰੱਖਿਆ ਅਤੇ ਹੱਲਾਸ਼ੇਰੀ ਮਿਲਦੀ ਹੈ।

## ਆਪਣੀ ਪ੍ਰਗਤੀ ਦੀ ਪਰਖ ਕਰੋ 7

ਇੱਕ ਅਧਿਆਪਕ ਬੱਚੇ ਨੂੰ ਸਾਧਾਰਣ ਢੰਗ ਨਾਲ ਕਿਵੇਂ ਵੱਧਣ ਅਤੇ ਵਿਕਾਸ ’ਚ ਮਦਦ ਕਰ ਸਕਦਾ ਹੈ। 100 ਸ਼ਬਦਾਂ ਵਿੱਚ ਲਿੱਖੋ।

______________________________________________________________

______________________________________________________________

______________________________________________________________

ਨੋਟ

## 1.8 ਸਾਰਾਂਸ਼

ਇੱਕ ਬੱਚਾ ਵੱਡਾ ਹੁੰਦਾ ਹੈ ਅਤੇ ਇੱਕ ਬਾਲਗ ਦੇ ਰੂਪ ਵਿੱਚ ਵਿਕਸਤ ਹੁੰਦਾ ਹੈ। ਵਾਧਾ ਉਚਾਈ ਅਤੇ ਵਜ਼ਨ ਵਿੱਚ ਪਰਿਵਰਤਨ ਹੈ ਜਦਕਿ ਵਿਕਾਸ ਕਿਰਿਆ ਅਤੇ ਚਰਿੱਤਰ ਵਿੱਚ ਅੰਤਰ ਹੈ। ਪਿਤਾ ਪੁਰਖੀ ਅਤੇ ਵਾਤਾਵਰਨ ਵਾਧੇ ਅਤੇ ਵਿਕਾਸ ਨੂੰ ਪ੍ਰਭਾਵਤ ਕਰਦਾ ਹੈ। ਵਿਕਾਸ ਦੇ ਭਿੰਨ ਪੜਾਅ ਬਾਲਪਣ, ਸ਼ੁਰੂਆਤੀ ਬਾਲ ਅਵਸਥਾ, ਮਗਰਲੀ ਬਾਲ ਅਵਸਥਾ ਅਤੇ ਕਿਸ਼ੋਰ ਅਵਸਥਾ ਹੈ। ਇਨ੍ਹਾਂ ਪੜ੍ਹਾਵਾਂ ਦੌਰਾਨ ਇੱਕ ਬੱਚਾ ਸਰੀਰਕ, ਮਾਨਸਿਕ ਭਾਵਨਾਤਮਕ ਅਤੇ ਨੈਤਿਕ ਤੌਰ 'ਤੇ ਵਿਕਸਤ ਹੁੰਦਾ ਹੈ। ਇੱਕ ਅਧਿਆਪਨ ਨੂੰ ਪੜਾਵਾਂ ਦੌਰਾਨ ਬੱਚਿਆਂ ਦੀਆਂ ਵਿਸ਼ੇਸ਼ਤਾਈਆਂ ਨੂੰ ਸਮਝਣਾ ਚਾਹੀਦਾ ਹੈ ਅਤੇ ਪਿਆਰ, ਸਨੇਹ, ਹੱਲਾਸ਼ੇਰੀ ਅਤੇ ਅਧਿਆਪਨ ਦੇ ਉੱਚਿਤ ਢੰਗ ਵਿਕਸਤ ਕਰਕੇ ਸਾਧਾਰਨ ਢੰਗ ਨਾਲ ਉਨ੍ਹਾਂ ਦੀ ਪਰਵਰਿਸ਼ ਕਰਨੀ ਚਾਹੀਦੀ ਹੈ, ਨਾਲ ਹੀ ਦਿਮਾਗ ਵਿੱਚ ਬੱਚਿਆਂ ਦੀਆਂ ਵਿਅਕਤੀਗਤ ਲੋੜਾਂ ਅਤੇ ਬਹੁ-ਭਾਂਤੀ ਨੂੰ ਰੱਖਣਾ ਪਵੇਗਾ।

## 1.9 ਤੁਹਾਡੀ ਪ੍ਰਗਤੀ ਦੀ ਪਰਖ ਲਈ ਉੱਤਰ

### ਆਪਣੀ ਪ੍ਰਗਤੀ ਦੀ ਪਰਖ ਕਰੋ।

ਹਾਂ ਵਾਧਾ ਵਿਕਾਸ ਨਾਲੋਂ ਭਿੰਨ ਹੈ... ਵਾਧਾ ਆਕਾਰ ਉਚਾਈ, ਵਜ਼ਨ ਅਤੇ ਲੰਬਾਈ ਹੈ ਜਦਕਿ ਵਿਕਾਸ ਆਕਾਰ, ਰੂਪ ਰੇਖਾ, ਕਿਰਿਆ ਜਾਂ ਚਰਿੱਤਰ ਵਿੱਚ ਗੁਣਾਤਮਕ ਪਰਿਵਰਤਨ ਲਿਆਉਣਾ ਹੈ।

### ਆਪਣੀ ਪ੍ਰਗਤੀ ਦੀ ਪਰਖ ਕਰੋ 2

ਸ਼ੈਲੀ, ਦੇ ਸਿਧਾਂਤ, ਵਿਕਾਸਾਤਮਕ ਸੇਧ, ਨਿਰੰਤਰਤਾ, ਇਕਸਾਰਤਾ, ਵਿਅਕਤੀਗਤ ਅੰਤਰ ਸਾਧਾਰਨ ਤੋਂ ਵਿਸ਼ੇਸ਼ ਹੁੰਗਾਰੇ, ਅਨੁਕੂਲਣ, ਅੰਤਰ ਸੰਬੰਧਤਾ, ਪੂਰਵਅਨੁਮਾਨਯੋਗਤਾ ਵੱਲ ਅਗਾਂਹ ਵੱਧਦੀ ਹੈ।

### ਆਪਣੀ ਪ੍ਰਗਤੀ ਦੀ ਪਰਖ ਕਰੋ 3

ਵਾਧਾ ਕੋਸ਼ਿਕਾ ਗੁਣਜ ਹੈ, ਜਿਵੇਂ ਕਿ ਉਚਾਈ, ਵਜ਼ਨ ਵਿੱਚ ਵਾਧਾ ਆਦਿ। ਜਦਕਿ ਵਿਕਾਸ ਸਾਰੇ ਅੰਗਾਂ ਦਾ ਸੰਗਠਨ ਹੈ, ਜਿਹੜੇ ਕਿ ਵਾਧੇ ਨੇ ਉਤਪੰਨ ਕੀਤੇ ਹਨ।

### ਆਪਣੀ ਪ੍ਰਗਤੀ ਦੀ ਪਰਖ ਕਰੋ 4

ਵਿਕਾਸ ਦੇ ਪ੍ਰਮੁੱਖ ਪੜਾਅ ਹਨ : ਜਨਮ ਤੋਂ 2 ਸਾਲ-ਬਾਲਪਣ, 2 ਸਾਲ ਤੋਂ 6 ਸਾਲ ਮੁੱਢਲੀ ਬਾਲ ਅਵਸਥਾ, 6 ਸਾਲ ਤੋਂ 12 ਸਾਲ-ਮਗਰਲੀ ਬਾਲ ਅਵਸਥਾ ਅਤੇ 12 ਸਾਲ ਤੋਂ 19 ਸਾਲ-ਕਿਸ਼ੋਰ ਅਵਸਥਾ

### ਆਪਣੀ ਪ੍ਰਗਤੀ ਦੀ ਪਰਖ ਕਰੋ 5

ਵਾਧੇ ਅਤੇ ਵਿਕਾਸ ਦੇ ਭਿੰਨ ਪੜ੍ਹਾਵਾਂ 'ਤੇ ਵਿਅਕਤੀਗਤ ਅੰਤਰ ਨੂੰ ਸਮਝਣਾ।

### ਆਪਣੀ ਪ੍ਰਗਤੀ ਦੀ ਪਰਖ ਕਰੋ 6

ਅੰਦਰੂਨੀ ਅਤੇ ਬਾਹਰੀ ਕਾਰਕ

### ਆਪਣੀ ਪ੍ਰਗਤੀ ਦੀ ਪਰਖ ਕਰੋ 7

ਇੱਕ ਅਧਿਆਪਕ ਬੱਚੇ ਨੂੰ ਸਮਝਦੇ ਅਤੇ ਸੰਭਾਲ ਦੇ, ਪਿਆਰ ਅਤੇ ਸਨੇਹ ਦੀ ਬੁਛਾੜ ਕਰਕੇ, ਬੱਚਿਆਂ ਦੀਆਂ ਲੋੜਾਂ ਨੂੰ ਪੂਰਾ ਕਰਕੇ।

ਨੋਟ

## 1.10 ਸੁਝਾਏ ਅਧਿਐਨ ਅਤੇ ਸੰਦਰਭ


- Wood, chip (2007) Yardsticks : Children in the Classroom Ages 4-14 : A Resource for Parents and Teachers, Northeast Foundation for children, Inc. Turners Falls MA
- Junn, Ellen and Boyatzs, Chris (2007) Annual Editions L child Growth and Development 08/09 [Paperback], Dushkin Pub, Group, Nashua, NH, United States


## 1.11 ਇਕਾਈ ਅੰਤ ਅਭਿਆਸ

1. ਵਾਧੇ ਅਤੇ ਵਿਕਾਸ ਨੂੰ ਪਰਿਭਾਸ਼ਤ ਕਰਨਾ।
2. ਵਾਧੇ ਅਤੇ ਵਿਕਾਸ ਦੇ ਸਿਧਾਂਤਾਂ ਦੀ ਵਿਆਖਿਆ ਕਰਨੀ।
3. ਸ਼ੁਰੂਆਤੀ ਬਾਲ ਅਵਸਥਾ ਦੌਰਾਨ ਭਾਵਨਾਵਾਂ ਅਤੇ ਬੌਧਿਕ ਵਿਕਾਸ ਦੀਆਂ ਕੋਈ ਦੋ ਵਿਸ਼ੇਸ਼ਤਾਈਆਂ ਦਾ ਵਰਨਣ ਕਰੋ।
4. ਇੱਕ ਬੱਚੇ ਦੇ ਵਾਧੇ ਅਤੇ ਵਿਕਾਸ ਉੱਪਰ ਪ੍ਰਭਾਵ ਪਾਉਣ ਵਾਲੇ ਪ੍ਰਮੁੱਖ ਕਾਰਕਾਂ ਦੀ ਚਰਚਾ ਕਰੋ।
5. ਇੱਕ ਬੱਚੇ ਦੇ ਵਾਧੇ ਅਤੇ ਵਿਕਾਸ ਵਿੱਚ ਇੱਕ ਅਧਿਆਪਕ ਕਿਵੇਂ ਮਦਦ ਕਰ ਸਕਦਾ ਹੈ।

## ਇਕਾਈ 2 ਪਿਤਾ ਪੁਰਖੀ ਅਤੇ ਵਾਤਾਵਰਣ

ਨੋਟ

### ਸੰਰਚਨਾ

2.0 ਜਾਣ-ਪਛਾਣ
2.1 ਸਿੱਖਣ ਦੇ ਮੰਤਵ
2.2 ਪਿਤਾ ਪੁਰਖੀ ਦਾ ਭਾਵ
2.3 ਵਾਤਾਵਰਣ ਦਾ ਭਾਵ
2.4 ਪਿਤਾ ਪੁਰਖੀ ਦੇ ਪੱਖ ਵਿੱਚ ਤਰਕ
2.5 ਵਾਤਾਵਰਣ ਦੇ ਪੱਖ ਵਿੱਚ ਤਰਕ
2.6 ਪਿਤਾ ਪੁਰਖੀ ਅਤੇ ਵਾਤਾਵਰਣ ਦੀਆਂ ਪ੍ਰਸੰਗਕ ਵਿਸ਼ੇਸ਼ਤਾਈਆਂ
2.7 ਵਿਦਿਅਕ ਭਾਵ-ਅਰਥ
2.8 ਸਾਰਾਂਸ਼
2.9 ਤੁਹਾਡੀ ਪ੍ਰਗਤੀ ਦੀ ਪਰਖ ਲਈ ਉੱਤਰ
2.10 ਸੁਝਾਏ ਅਧਿਐਨ ਅਤੇ ਸੰਦਰਭ
2.11 ਸੰਖੇਪ ਸ਼ਬਦ/ਸ਼ਬਦ ਸੰਗ੍ਰਹਿ
2.12 ਇਕਾਈ-ਅੰਤ ਅਭਿਆਸ

### 2.0 ਜਾਣ-ਪਛਾਣ

ਜਦੋਂ ਅਧਿਆਪਕ ਸਕੂਲ ਪੱਧਰ 'ਤੇ ਕਾਰਜ ਕਰਦੇ ਹਨ, ਤੁਸੀਂ ਲਾਜ਼ਮੀ ਗੌਰ ਕੀਤੀ ਹੋਵੇਗੀ ਕਿ ਸਿਖਾਂਦਰੂ ਧਾਰਣਾਵਾਂ ਨੂੰ ਭਿੰਨ ਢੰਗ ਨਾਲ ਸਿੱਖਦਾ ਹੈ। ਕੁਝ ਸਿਖਾਂਦਰੂ ਧਾਰਣਾਵਾਂ ਨੂੰ ਛੇਤੀ ਸਿੱਖ ਜਾਂਦੇ ਹਨ ਜਦਕਿ ਹੋਰ ਹੌਲੀ। ਮਿਸਾਲ ਦੇ ਤੌਰ 'ਤੇ ਇੱਕ ਫੁੱਲ ਜਾਂ ਇੱਕ ਬੂਟੇ ਦੇ ਰੇਖਾ ਚਿੱਤਰ ਨੂੰ ਚਿਤਰਤ ਕਰਨ ਦਾ ਮਾਮਲਾ ਲੈ ਲਓ। ਤੁਸੀਂ ਕਿਉਂ ਸੋਚਦੇ ਹੋ ਕਿ ਸਿੱਖਣ ਵਿੱਚ ਕੁਝ ਵਿਵਿਧਤਾ ਹੈ? ਇਸ ਤੋਂ ਵੱਧ ਕੇ ਉਨ੍ਹਾਂ ਦੀ ਲਿਖਾਈ ਜਾਂ ਵਿਦਿਅਕ ਪ੍ਰਾਪਤੀ (ਸਕੂਲੀ ਵਿਸ਼ਿਆਂ 'ਚ) ਵਿੱਚ ਕੁਝ ਵਿਵਿਧਤਾਵਾਂ ਲਾਜ਼ਮੀ ਪ੍ਰੇਖਣ ਕੀਤੀਆਂ ਹੋਣਗੀਆਂ ਅਜਿਹੀਆਂ ਵਿਵਿਧ ਪ੍ਰਤੀਕਿਰਿਆਵਾਂ ਦੇ ਕੋਈ ਵੀ ਕਾਰਨ ਹੋ ਸਕਦੇ ਹਨ? ਇੱਕ ਸਵੀਕ੍ਰਿਤ ਉੱਤਰ ਦੇਣਾ ਮੁਸ਼ਕਲ ਹੋ ਸਕਦਾ ਹੈ। ਇਸ ਪ੍ਰਸ਼ਨ ਦੇ ਉੱਤਰ ਲਈ ਦੋ ਸਪਸ਼ਟ ਕਾਰਨ ਹਨ। ਉਹ ਹਨ:

I. ਪਿਤਾ ਪੁਰਖੀ ਅਤੇ

II. ਵਾਤਾਵਰਣ

### ਪਿਤਾ-ਪੁਰਖੀ ਅਤੇ ਵਾਤਾਵਰਣ

'ਬੱਚੇ ਨੂੰ ਸਮਝਣਾ' ਉੱਪਰ ਪਹਿਲੀ ਇਕਾਈ ਵਿੱਚ ਵਾਧਾ ਅਤੇ ਵਿਕਾਸ ਲੂੰ ਪ੍ਰਭਾਵਤ ਕਰਨ ਵਾਲੇ ਕਾਰਕਾਂ ਦੇ ਨਾਲ ਇੱਕ ਵਿਸਤਾਰਤ ਕਵਰੇਜ ਕੀਤੀ ਗਈ ਹੈ। ਪਿਤਾ ਪੁਰਖੀ ਨੂੰ ਇੱਕ ਅੰਦਰੂਨੀ ਕਾਰਕ ਦੇ ਤੌਰ 'ਤੇ ਅਤੇ ਵਾਤਾਵਰਣ ਨੂੰ ਇੱਕ ਬਾਹਰੀ ਕਾਰਕ ਦੇ ਤੌਰ 'ਤੇ ਵਿਚਾਰਿਆ ਗਿਆ ਹੈ। ਇਨ੍ਹਾਂ ਤੋਂ ਇਲਾਵਾ ਤੁਸੀਂ ਆਪਣੇ ਅਧਿਆਪਨ ਨੂੰ ਬਿਹਤਰ ਸੰਗਠਤ ਕਰਨ ਅਤੇ ਵਿਦਿਆਰਥੀ ਦੀ ਸਿੱਖਲਾਈ 'ਚ ਮਦਦ ਕਰਨ ਲਈ ਪਿਤਾਪੁਰਖੀ ਅਤੇ ਵਾਤਾਵਰਣ ਦੇ ਵਿਦਿਅਕ ਭਾਵ-ਅਰਥ ਬਾਰੇ ਵੀ ਸਿੱਖੋਗੇ।

## 2.1 ਸਿੱਖਣ ਦੇ ਮੰਤਵ

ਇਸ ਇਕਾਈ ਦਾ ਅਧਿਐਨ ਕਰਨ ਮਗਰੋਂ ਤੁਸੀਂ ਯੋਗ ਹੋਵੋਗੇ

ਨੋਟ

* ਪਿਤਾ ਪੁਰਖੀ ਦੀ ਧਾਰਣਾ ਦੀ ਵਿਆਖਿਆ ਕਰਨ ਦੇ।
* ਪਿਤਾ ਪੁਰਖੀ ਦੇ ਮਕੈਨਿਜ਼ਮ ਨੂੰ ਸਮਝਣ ਦੇ।
* ਵਾਤਾਵਰਣ ਨਾਲ ਸੰਬੰਧਤ ਕਾਰਕਾਂ ਅਤੇ ਵਾਤਾਵਰਣ ਦੀ ਧਾਰਣਾ ਨੂੰ ਵਰਨਣ ਕਰਨ ਦੇ।
* ਵਿਅਕਤੀ ਲਈ ਕਾਰਣਿਕ ਕਾਰਕਾਂ ਦੇ ਤੌਰ 'ਤੇ ਪਿਤਾ ਪੁਰਖੀ ਅਤੇ ਵਾਤਾਵਰਣ ਦਾ ਵਿਸ਼ਲੇਸ਼ਣ ਕਰਨ ਦੇ।
* ਸਿੱਖਣ ਵਿੱਚ ਅੰਤਰ ਕਰਨ ਦੇ।
* ਅਧਿਆਪਨ-ਸਿੱਖਣ ਵਿੱਚ ਪਿਤਾ ਪੁਰਖੀ ਅਤੇ ਵਾਤਾਵਰਣ ਦੇ ਸੰਬੰਧਤ ਗੁਣਾਂ ਨੂੰ ਰੇਖਾਂਕਤ ਕਰਨ ਦੇ।

## 2.2 ਪਿਤਾ ਪੁਰਖੀ ਦਾ ਭਾਵ

ਪਿਤਾ ਪੁਰਖੀ ਗਰਭਿਤ ਅੰਡਾਣੂ ਵਿੱਚ ਨਿਹਿਤ ਰੂਪ 'ਚ ਮੌਜੂਦ ਵਿਸ਼ੇਸ਼ ਗੁਣਾਂ ਦੇ ਜੋੜ ਨੂੰ ਆਖਦੇ ਹਨ। ਉਹ ਸਾਰੇ ਗੁਣ ਜਿਹੜਾ ਬੱਚਾ ਆਪਣੇ ਮਾਪਿਆਂ ਤੋਂ ਵਿਰਸੇ ਵਿੱਚ ਪ੍ਰਾਪਤ ਕਰਦਾ ਹੈ, ਉਸ ਨੂੰ ਪਿਤਾ ਪੁਰਖੀ ਕਿਹਾ ਜਾਂਦਾ ਹੈ। ਭਾਵ ਤੋਂ ਜਾਣੂ ਹੋਣ ਮਗਰੋਂ ਵਿਅਕਤੀ ਨੂੰ ਪਿਤਾ ਪੁਰਖੀ ਦੀ ਰਚਨਾ ਬਾਰੇ ਪਤਾ ਹੋਣਾ ਚਾਹੀਦਾ ਹੈ। ਬੱਚਾ ਕਿਵੇਂ ਜੀਵ ਵਿਗਿਆਨਕ ਤੌਰ 'ਤੇ ਜਨਮ ਲੈਂਦਾ ਹੈ? ਜ਼ਿੰਦਗੀ ਇਕਹਿਰੇ ਸੈਲ ਦੇ ਤੌਰ 'ਤੇ ਸ਼ੁਰੂ ਹੁੰਦੀ ਹੈ।

ਗਰਭ ਸਮਾਂ

ਪੁਰਸ਼ ਅਤੇ ਮਹਿਲਾ ਦੀ ਜਣਨ-ਕੋਸ਼ਿਕਾ ਅੰਡਾਣੂ ਵਿੱਚ ਗਰਭ ਦਾ ਕਾਰਨ ਹੁੰਦੀ ਹੈ। ਗਰਭਿਤ ਰਮਾਂਡੇ ਨੂੰ ਯੁਗਮਜ ਕਿਹਾ ਜਾਂਦਾ ਹੈ।

ਯੁਗਮਜ
↓
46 ਕਰੋਮੋਸੋਮ
↓
23 ਮਹਿਲਾ ਤੋਂ ਅਤੇ 23 ਪੁਰਸ਼ ਤੋਂ

ਹਰੇਕ ਕਰੋਮੋਸੋਮ ਵਿੱਚ 40 ਤੋਂ 100 ਜੀਨ ਹੁੰਦੇ ਹਨ। ਇਹਜੀਨ ਵਿਸ਼ੇਸ਼ ਗੁਣ ਦੇ ਵਿਕਾਸ ਲਈ ਜ਼ਿੰਮੇਵਾਰ ਹੁੰਦੇ ਹਨ। ਪੀਟਰਸਨ ਦੇ ਸ਼ਬਦਾਂ ਵਿੱਚ ਪਿਤਾ ਪੁਰਖੀ ਨੂੰ "ਮਾਪਿਆਂ ਰਾਹੀਂ ਆਪਣੇ ਜੱਦੀ ਸਟਾਕ ਤੋਂ ਜੋ ਪ੍ਰਾਪਤ ਹੁੰਦਾ ਹੈ" ਦੇ ਤੌਰ 'ਤੇ ਕੀਤਾ ਜਾ ਸਕਦਾ ਹੈ। ਡੌਗਲਸ ਅਤੇ ਹੌਲੈਂਡ ਆਖਦੇ ਹਨ, "ਪਿਤਾ ਪੁਰਖੀ ਮਾਹੇ ਬਣਤਰਾਂ, ਭੌਤਿਕ ਗੁਣਾਂ, ਮਾਪਿਆਂ ਅਤੇ ਹੋਰਨਾ ਪੂਰਵਜਾਂ ਤੋਂ ਨਿਕਾਸੀਆਂ ਕਿਰਿਆਵਾਂ ਜਾਂ ਸਮਰਥਾਵਾਂ ਤੋਂ ਨਿਰਮਤ ਹੁੰਦਾ ਹੈ। ਐੱਫ ਐੱਲ ਰੁੱਚ ਪਿਤਾ ਪੁਰਖੀ ਨੂੰ ਜੀਵ ਵਿਗਿਆਨਕ ਤੌਰ 'ਤੇ ਸੰਚਾਰਤ ਕਾਰਕਾਂ ਦੀ ਸਮੁਚੱਤਾ ਨੂੰ ਕਿਹਾ ਜਾਂਦਾ ਹੈ ਜਿਹੜਾ ਸਰੀਰ ਦੀ ਸੰਰਚਨਾ ਨੂੰ ਪ੍ਰਭਾਵਤ ਕਰਦਾ ਹੈ।" ਆਓ ਅਸੀਂ ਸਿੱਖਣ ਨਾਲ ਸੰਬੰਧਤ ਕਾਰਕਾਂ ਦੀਆਂ ਉਪਰੋਕਤ ਪਰਿਭਾਸ਼ਾਵਾਂ ਦੀ ਕਦਰਦਾਨੀ ਲਈ ਇੱਕ ਛੋਟੇ ਕੇਸ ਦਾ ਅਧਿਐਨ ਕਰੀਏ।

ਨੋਟ

## ਪਿਤਾ ਪੁਰਖੀ ’ਤੇ ਕੇਸ ਅਧਿਐਨ

ਫਰਲੇਚਰ ਇੱਕ ਮਹਾਨ ਗਣਿਤ ਸ਼ਾਸਤਰੀ ਅਤੇ ਪਿਆਨੋ ਵਾਚਕ ਹੈ ਅਤੇ ਉਸਦੀ ਪਤਨੀ ਮੇਘਨਾ ਇੱਕ ਅੰਤਰ ਰਾਸ਼ਟਰੀ ਪੱਧਰ ’ਤੇ ਮਸ਼ਹੂਰ ਚਿੰਦੁਸਤਾਨੀ ਕਲਾਸੀਕਲ ਗਾਇਕਾ ਹੈ। ਉਨ੍ਹਾਂ ਦੇ ਦੋ ਬੱਚੇ ਹਨ। ਬੇਟਾ ਆਰਿਅਨ 15 ਸਾਲਾਂ ਦਾ ਹੈ ਅਤੇ ਵਿਗਿਆਨ ਤੇ ਗਣਿਤ ਵਿੱਚ ਵਿਸ਼ੇਸ਼ ਰੁਚੀ ਰੱਖਦਾ ਹੈ। ਉਹ ਸਾਜ਼-ਸੰਗੀਤ ਵਿੱਚ ਵੀ ਰੁਚੀ ਰੱਖਦਾ ਹੈ। ਉਸਨੇ ਰਾਸ਼ਟਰੀ ਪੱਧਰ ’ਤੇ ਸੰਗੀਤ ਵਿੱਚ ਕਈ ਚੈਂਪੀਅਨਸ਼ਿੱਪਾਂ ਜਿੱਤੀਆਂ ਹਨ। ਉਨ੍ਹਾਂ ਦੀ ਕ੍ਰਿਸਟੀਨਾ ਨਾਂ ਦੀ ਇੱਕ ਬੇਟੀ ਵੀ ਹੈ, ਜਿਹੜੀ ਕਿ 12 ਸਾਲਾਂ ਦੀ ਹੈ। ਉਹ ਸੰਗੀਤ ਅਤੇ ਅੰਗ੍ਰੇਜ਼ੀ ਸਾਹਿਤ ਵਿੱਚ ਵਿਸ਼ੇਸ਼ ਰੁਚੀ ਲੈਂਦੀ ਹੈ। ਦੋਵੇਂ ਬੱਚੇ ਸਕੂਲੀ ਸਿੱਖਿਆ ਵਿੱਚ ਬਿਹਤਰੀਨ ਹਨ ਅਤੇ ਸਾਰੇ ਸਕੂਲੀ ਵਿਸ਼ਿਆਂ ਵਿੱਚ 95% ਤੋਂ ਉੱਪਰ ਅੰਕ ਹਾਸਲ ਕਰਦੇ ਹਨ। ਉਪਰੋਕਤ ਕੇਸ ਅਧਿਐਨ ਦੀ ਮਦਦ ਨਾਲ ਅਗਲੇਰੇ ਅਧਿਐਨ ਤੋਂ ਪਹਿਲਾਂ ਨਿਮਨ ਪ੍ਰਸ਼ਨਾਂ ਦੇ ਉੱਤਰ ਦਿਓ

ਪ੍ਰ.1. ਸਭ ਤੋਂ ਵਧੇਰੇ ਪ੍ਰਬਲ ਪਿਤਾ ਪੁਰਖੀ ਗੁਣ ਜਿਹੜਾ ਤੁਸੀਂ ਬੱਚਿਆਂ ’ਚ ਪਾਉਂਦੇ ਹੋ...
(ਸਹੀ ਉੱਤਰ ’ਤੇ ਨਿਸ਼ਾਨ ਲਗਾਓ)

ੳ) ਰਚਨਾਤਮਕਤਾ

ਅ) ਸਿੱਖਣ ਲਈ ਹੁਨਰ ਆਧਾਰਤ ਵਿਸ਼ਿਆਂ ਵੱਲ ਸਾਕਾਰਾਤਮ ਰਵੱਈਆ

ੲ) ਚੁਣੌਤੀ ਵਾਲਾ ਰਵੱਈਆ

ਸ) ਰਵੱਈਏ ’ਚ ਵਿਵਿਧਤਾ

ਪ੍ਰ.2. ਵਿਗਿਆਨ ਅਤੇ ਸੰਗੀਤ ਦੇ ਅਧਿਐਨ ਲਈ ਪਿਆਰ ਵਿਕਸਤ ਕਰਨ ਵਾਸਤੇ ਬੱਚਿਆਂ ਲਈ ਯੋਗਦਾਨ ਕਰਨ ਵਾਲੇ ਕਾਰਕ ਕਿਹੜੇ ਹਨ?

________________________________________

________________________________________

## 2.3 ਵਾਤਾਵਰਣ ਦਾ ਭਾਵ

ਵਾਤਾਵਰਣ ਤੋਂ ਭਾਵ ਉੱਤੇਜਨਾ ਦੀ ਸਮੁੱਚਤਾ ਹੈ ਜਿਹੜੀ ਕਿ ਆਰਗੇਨਿਜ਼ਮ ਨਾਲ ਭਿੜਦੀ ਹੈ, ਉਸ ਤੋਂ ਬਿਨਾਂ ਜਿਹੜਾ ਕਿ ਵਿਅਕਤੀ ਦੇ ਦੁਆਲੇ ਪਾਇਆ ਜਾਂਦਾ ਹੈ, ਇਸ ਨੂੰ ਵਾਤਾਵਰਣ ਕਿਹਾ ਜਾ ਸਕਦਾ ਹੈ। ਅਨਾਸਤਾਕਸੀ ਅਨੁਸਾਰ, ”ਵਾਤਾਵਰਣ ਉਹ ਸਭ ਕੁਝ ਹੈ ਜਿਹੜਾ ਕਿ ਵਿਅਕਤੀ ਨੂੰ ਪ੍ਰਭਾਵਤ ਕਰਦਾ ਹੈ ਸਿਵਾਏ ਉਸ ਦੇ ਜੀਨ ਦੇ।” ਵਾਤਾਵਰਣ ਭਿੰਨ ਕਿਸਮ ਦੀਆ ਤਾਕਤਾਂ, ਜਿਵੇਂ ਕਿ ਭੌਤਿਕ, ਸਮਾਜਿਕ, ਨੈਤਿਕ, ਆਰਥਿਕ, ਰਾਜਨੀਤਕ, ਸੰਸਕ੍ਰਿਤਕ ਅਤੇ ਭਾਵਨਾਤਮਕ ਤਾਕਤਾਂ ਤੋਂ ਨਿਅਤ ਹੁੰਦਾ ਹੈ। ਇੱਕ ਅਨੁਕੂਲ ਵਾਤਾਵਰਣ ਇੱਕ ਬੱਚੇ ਦੀਆਂ ਜੱਦੀ ਯੋਗਤਾਵਾਂ ਦੇ ਵਿਕਾਸ ਨੂੰ ਪੋਸ਼ਣ ਕਰਦਾ ਹੈ।

ਗਿਲਬਾਟ ਅਨੁਸਾਰ, ”ਵਾਤਾਵਰਣ ਕੁਝ ਵੀ ਹੈ ਜਿਹੜਾ ਕਿ ਫੌਰੀ ਤੌਰ ’ਤੇ ਇੱਕ ਪਦਾਰਥ ਨੂੰ ਘੇਰਦਾ ਅਤੇ ਇਸ ਉੱਪਰ ਸਿੱਧਾ ਪ੍ਰਭਾਵ ਪਾਉਂਦਾ ਹੈ।”

ਪਰਿਭਾਸ਼ਕ ਸ਼ਬਦ ਮਾਨਸਿਕ ਵਾਤਾਵਰਣ ਤੋਂ ਭਾਵ ਹੈ ਕਿ ਇੱਕ ਵਾਤਾਵਰਣ ਜਿਹੜਾ ਇੱਕ ਵਿਅਕਤੀ ਦੇ ਮਾਨਸਿਕ ਵਿਕਾਸ ਲਈ ਜ਼ਰੂਰੀ ਹੈ। ਜੇਕਰ ਲਾਇਬ੍ਰੇਰੀ, ਲਬਾਰਟਰੀ, ਪਾਠਕ੍ਰਮ-ਸਹਿ ਪਾਠਕ੍ਰਮ ਗਤੀ ਵਿਧੀਆਂ ਸਹੀ ਖੰਗ ਨਾਲ ਸੰਗਠਤ ਹਨ, ਬੱਚਾ ਇੱਛਤ ਬੌਧਿਕ ਵਿਕਾਸ ਪ੍ਰਾਪਤ ਕਰੇਗਾ। ਇਸ ਲਈ ਅਧਿਆਪਕਾਂ ਨੂੰ ਬਿਹਤਰ ਮਾਨਸਿਕ ਵਾਤਾਵਰਣ, ਵਰਕਸ਼ਾਪ, ਮਿਊਜ਼ੀਅਮ, ਕਲੱਬ, ਐਸੋਸਿਏਸ਼ਨ, ਵਾਦ ਵਿਵਾਦ, ਸੋਸ਼ਟੀ ਆਦਿ ਉਪਲੱਬਧ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

## 2.4 ਪਿਤਾ ਪੁਰਖੀ ਦੇ ਪੱਖ ਵਿੱਚ ਤਰਕ

ਜੌੜਿਆਂ ਦੀਆਂ ਕਿਸਮਾਂ : ਦੋ ਕਿਸਮ ਦੇ ਜੌੜੇ ਹੁੰਦੇ ਹਨ I) ਇਕਸਮਾਨ ਅਤੇ II) ਭਰਾਤਰੀ ਜੌੜੇ।

ਇੱਕ ਸਮਾਨ ਜੌੜਾ ਇੱਕ ਅੰਡਾਣੂ ਤੋਂ ਵਿਕਸਤ ਹੁੰਦਾ ਹੈ। ਭਰਾਤਰੀ ਜੋੜਾ ਦੋ ਵੱਖਰੇ ਅੰਡਾਣੂਆਂ ਦੇ ਅੰਕੁਰਣ ਤੋਂ ਉਮਗਦਾ ਹੈ। ਇੱਕ ਸਮਾਨ ਜੌੜਾ ਇੱਕ-ਦੂਜੇ ਨਾਲ ਮੇਲ ਖਾਦਾ ਹੈ ਅਤੇ ਹਮੇਸ਼ਾ ਇੱਕੋ ਲਿੰਗ ਨਾਲ ਸੰਬੰਧਤ ਹੁੰਦਾ ਹੈ ਅਤੇ ਭਰਾਤਰੀ ਜੌੜਾ ਅਕਸਰ ਭਰਾ ਅਤੇ ਭੈਣ ਹੁੰਦੇ ਹਨ।

ਥੌਰਨਡਾਈਕ, ਨਿਊਮੈਲ, ਫਰੀਮੈਲ, ਡੇਵਿਡ ਵਿਨਫੀਲਡ ਅਤੇ ਕਈ ਹੋਰਨਾਂ ਨੇ ਜੌੜਿਆਂ ਉੱਪਰ ਅਧਿਐਨ ਕੀਤਾ ਹੈ। ਅਤੇ ਉਨ੍ਹਾਂ ਸਿੱਟਾ ਕੱਢਿਆ ਕਿ ਵਿਅਕਤੀਗਤ ਅੰਤਕ ਕਾਰਣਤ ਕਰਨ ਲਈ ਪਿਤਾ ਪੁਰਖੀ ਇੱਕ ਅਹਿਮ ਕਾਰਕ ਹੁੰਦਾ ਹੈ। ਇੱਕ ਹੋਰ ਅਧਿਐਨ ਡੇਵਿਡ ਵਿਨਫੀਲਡ ਵੱਲੋਂ ਕੀਤਾ ਗਿਆ ਸੀ ਅਤੇ ਨਿਮਨ ਸਿੱਟੇ ਕੱਢੇ ਗਏ ਸਨ।

| ਲੜੀ ਨੰ: | ਵੇਰਵਾ | ਉਨ੍ਹਾਂ ਵਿਚਾਲੇ IQ ’ਤੇ ਸਹਿ-ਸੰਬੰਧਨ (r) ਦੇ ਗੁਣਾਂਕ |
|---|---|---|
| 1 | ਇਕ ਸਮਾਨ ਜੌੜਾ | 0.90 |
| 2 | ਭਰਾਤਰੀ ਜੌੜਾ | 0.70 |
| 3 | ਭੈਣ-ਭਰਾ | 0.50 |
| 4 | ਮਾਪੇ ਅਤੇ ਬੱਚੇ | 0.31 |
| 5 | ਗੈਰ ਸੰਬੰਧਤ ਬੱਚੇ | 0.30 |

ਉਪਰੋਕਤ ਸਾਰੇ ਅਧਿਐਨ ਇਸ ਵੱਲ ਇਸ਼ਾਰਾ ਕਰਦੇ ਹਨ ਕਿ ਪਿਤਾ ਪੁਰਖੀ ਇੱਕ ਵਿਅਕਤੀ ਦੀ ਜ਼ਿੰਦਗੀ ਵਿੱਚ ਇੱਕ ਅਹਿਮ ਕਾਰਕ ਹੈ। ਇੱਕ ਸਮਾਨ ਜੌੜਾ ਜਿਨ੍ਹਾਂ ਦੀ ਬਾਲਪਣ ਤੋਂ ਵੱਖਰਿਆਂ ਪਰਵਰਿਸ਼ ਕੀਤੀ ਜਾਂਦੀ ਹੈ, ਕੁਝ ਭਿੰਨ ਹੋ ਸਕਦੇ ਹਨ ਮੁਕਾਬਲਤਨ ਜਿਨ੍ਹਾਂ ਦੀ ਇੱਕਠਿਆਂ ਪਰਵਰਿਸ਼ ਕੀਤੀ ਜਾਂਦੀ ਹੈ। ਪ੍ਰੰਤੂ ਫੇਰ ਵੀ ਬਹੁਤ ਹੱਦ ਤੱਕ ਇੱਕੋ ਜਿਹੇ ਰਹਿੰਦੇ ਹਨ ਮੁਕਾਬਲਤਨ ਭਰਾਤਰੀ ਜੌੜੇ ਦੇ ਭਾਵੇਂ ਇੱਕਲਿਆਂ ਜਾਂ ਵੱਖਰਿਆਂ ਪਰਵਰਿਸ਼ ਕੀਤੀ ਗਈ ਹੋਵੇ। ਭਰਾਤਰੀ ਜੌੜਾ ਸਾਧਾਰਣ ਭੈਣ ਭਰਾਵਾਂ ਨਾਲੋਂ ਬੁੱਧੀ ਵਿੱਚ ਵਧੇਰੇ ਇੱਕੋ ਜਿਹੇ ਹੁੰਦੇ ਹਨ। ਇਸ ਦਾ ਭਾਵ ਹੈ ਕਿ ਰਿਸ਼ਤਾ ਜਿੰਨਾ ਨਿਕਟ, ਬੁੱਧੀ ਉੱਪਰ ਅੰਕਾਂ ਦਾ ਮਹਿ-ਸੰਬੰਧਨ ਉਨਾ ਉੱਚ।

## 2.5 ਵਾਤਾਵਰਣ ਦੇ ਪੱਖ ਵਿੱਚ ਤਰਕ

ਫਰੀਮੈਨ ਨੇ ਪ੍ਰਮਾਣਤ ਕਰ ਦਿੱਤਾ ਹੈ ਕਿ 71 ਬੱਚੇ ਜਿਹੜੇ ਕਿ ਇੱਕ ਹਲਕੇ ਵਾਤਾਵਰਣ ਤੋਂ ਹਟਾ ਲਏ ਗਏ ਸਨ ਅਤੇ ਇੱਕ ਬਿਹਤਰ ਵਾਤਾਵਰਣ ਵਿੱਚ ਸਥਾਪਤ ਕੀਤੇ ਗਏ ਸਨ, ਨੇ 10 ਪੁਆਇੰਟਾਂ ਤੱਕ ਬਿਨੈਟ ਦੀ ਮਾਨਸਿਕ ਦਰ ਵਿੱਚ ਵਾਧਾ ਦਰਸਾਇਆ। ਇਹ ਇੱਕ ਵਿਅਕਤੀ ਦੇ ਜੀਵਨ ਵਿੱਚ ਵਾਤਾਵਰਣ ਦੀ ਭੂਮਿਕਾ ਨੂੰ ਪ੍ਰਮਾਣਤ ਕਰਦਾ ਹੈ।

ਨੋਟ

**ਜੇਮਜ਼-ਰੀਸ ਦਾ ਅਧਿਐਨ :** ਦੋ ਜੌੜੇ ਬੱਚਿਆਂ ਦੀ ਕ੍ਰਮਵਾਰ ਇੱਕ ਪਹਾੜੀ ਅਤੇ ਇੱਕ ਪਿੰਡ ਵਿੱਚ ਪਰਵਰਿਸ਼ ਕੀਤੀ ਗਈ, ਜਦੋਂ ਉਨ੍ਹਾਂ ਦੀ ਬੁੱਧੀ ਦੀ ਪਰਖ ਕੀਤੀ ਗਈ, 19 ਪੁਆਇੰਟਾਂ ਦਾ ਅੰਤਰ ਪਾਇਆ ਗਿਆ। ਇਹ ਬੁੱਧੀ ਉੱਪਰ ਵਾਤਾਵਰਣਕ ਪ੍ਰਭਾਵ ਦਾ ਇੱਕ ਸਪਸ਼ਅ ਸੰਕੇਤ ਹੈ। ਹੁਣ : ਕੀ ਬੱਚੇ ਦੀ ਵਿਸ਼ੇਸ਼ਤਾ (ਗੁਣ) ਅਤੇ ਵਿਅਕਤੀਗਤ ਅੰਤਰ (ੳ) ਪਿਤਾਪੁਰਖੀ, (ਅ) ਵਾਤਾਵਰਣ, (ੲ) ਜਾਂ ਦੋਵਾਂ ਕਾਰਨ ਹੈ? ਜੇਕਰ ਅਜਿਹਾ ਹੈ, ਕਿਸ ਹੱਦ ਤੱਕ ਬੱਚੇ ਦੇ ਵਿਕਾਸ ਵਿੱਚ ਪਿਤਾਪੁਰਖੀ ਅਤੇ ਵਾਤਾਵਰਣ ਦੀ ਸੰਬੰਧਤ ਭੂਮਿਕਾ ਹੈ ਅਤੇ

ਨਾਲ ਹੀ ਨਿੱਜੀ ਅੰਤਰ ਲਈ? ਭਾਵ, ਦੋਵੇਂ ਪਿਤਾ ਪੁਰਖੀ ਅਤੇ ਵਾਤਾਵਰਣ ਬੱਚੇ ਦੇ ਵਿਕਾਸ ਅਤੇ ਨਿੱਜੀ ਅੰਤਰ ਦੇ ਕਾਰਣ ਜ਼ਿੰਮੇਵਾਰ ਹਨ।

## ਵਾਤਾਵਰਣ 'ਤੇ ਇੱਕ ਕੇਸ ਅਧਿਐਨ

ਅਨਿਲ ਅਤੇ ਸੁਨੀਲ 10 ਵੀਂ ਜਮਾਤ ਦੇ ਵਿਦਿਆਰਥੀ ਹਨ। ਉਹ ਨਵੀਂ ਦਿੱਲੀ ਦੇ ਕਿੰਗ ਜੌਰਜ ਸਕੂਲ ਵਿੱਚ ਪੜ੍ਹਦੇ ਹਨ। ਦੋਵੇਂ ਵਿਦਿਆਰਥੀ ਇੱਕ ਮੋਹਰੀ ਕਾਰੋਬਾਰੀ ਪਰਿਵਾਰ ਤੋਂ ਹਨ। ਉਨ੍ਹਾਂ ਦੀ ਹਾਰਵਾਰਡ ਯੂਨੀਵਰਸਿਟੀ ਯੂਐਸ ਏ ਤੋਂ ਐੱਸ ਬੀ ਏ ਕਰਨ ਦੀ ਇੱਛਾ ਹੈ। ਉਨ੍ਹਾਂ ਦੇ ਮਾਪਿਆਂ ਨੇ ਕਾਮਰਸ ਅਤੇ ਅਕਾਊਂਟੈਂਸੀ ਦੀ ਪੜ੍ਹਾਈ ਕਰਨ ਅਤੇ ਆਪਣਾ ਕਾਰੋਬਾਰ ਸਥਾਪਤ ਕਰਨ ਦੀ ਸਲਾਹ ਦਿੱਤੀ। ਉਨ੍ਹਾਂ ਦੀ 'ਕਾਰੋਬਾਰੀ ਅਧਿਐਨ' ਵਿੱਚ ਵੀ ਵਿਸ਼ੇਸ਼ ਦਿਲਚਸਪੀ ਹੈ। ਦੋਹਾਂ ਨੇ ਭਾਰਤ ਵਿੱਚ ਆਰਥਿਕ ਸੁਧਾਰਾਂ ਉੱਪਰ ਮੈਗਜ਼ੀਨਾਂ ਵਿੱਚ ਕੁਝ ਲੇਖ ਵੀ ਲਿੱਖੇ ਹਨ ਅਤੇ ਆਪਣੇ ਸਕੂਲੀ ਵਿਸ਼ਿਆਂ ਵਿੱਚ ਵੀ ਮੌਜੂਦਗੀ ਦਰਸਾਈ ਹੈ। ਉਪਰੋਕਤ ਕੇਸ ਦੀ ਮਦਦ ਨਾਲ ਨਿਮਨ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ:

1) ਵਿਦਿਆਰਥੀ ਦੀਆਂ ਪ੍ਰਬਲ ਵਿਸ਼ੇਸ਼ਤਾਈਆਂ ਕੀ ਹਨ?

_______________________________________________
_______________________________________________
_______________________________________________

2) ਬੱਚਿਆਂ ਨੇ ਅਜਿਹੇ ਗੁਣ ਕਿਵੇਂ ਹਾਸਲ ਕੀਤੇ?

_______________________________________________
_______________________________________________
_______________________________________________

3) ਤੁਸੀਂ ਕਿਵੇਂ ਪ੍ਰਮਾਣਤ ਕਰਦੇ ਹੋ ਕਿ ਬੱਚਿਆਂ ਦਾ ਮਜ਼ਬੂਤ ਭਵਿੱਖੀ ਟੀਚਾ ਹੈ?

ਨੋਟ

4) ਉਹ ਕਿਹੜੇ ਕਾਰਕ ਹਨ ਜਿਹੜੇ ਉਨ੍ਹਾਂ ਦੇ ਭਵਿੱਖੀ ਟੀਚਿਆਂ ਨੂੰ ਪ੍ਰਭਾਵਤ ਕਰਦੇ ਹਨ,

## 2.6 ਪਿਤਾਪੁਰਖੀ ਅਤੇ ਵਾਤਾਵਰਣ ਦੀਆਂ ਪ੍ਰਸੰਗਕ ਵਿਸ਼ੇਸ਼ਤਾਈਆਂ

ਪਿਤਾ ਪੁਰਖੀ ਨੂੰ ਜੀਵ ਵਿਗਿਆਨਕ ਤੌਰ ’ਤੇ ਸੰਚਾਰਤ ਕਾਰਕਾਂ ਦੀ ਸਮੁੱਚਤਾ ਦੇ ਤੌਰ ’ਤੇ ਪਰਿਭਾਸ਼ਤ ਕੀਤਾ ਜਾਂਦਾ ਹੈ, ਜਿਹੜਾ ਕਿ ਸਰੀਰ ਦੀ ਸੰਰਚਨਾ ਨੂੰ ਪ੍ਰਭਾਵਤ ਕਰਦਾ ਹੈ, ਅਤੇ ਵਾਤਾਵਰਣ ਸਥਿਤੀਆਂ ਦੀ ਸਮੁੱਚਤਾ ਹੈ ਜਿਹੜਾ ਕਿ ਵਿਵਹਾਰ ਨੂੰ ਉਤੇਜਤ ਕਰਨ ਲਈ ਸੇਵਾਰਤ ਹੁੰਦਾ ਹੈ ਜਾਂ ਵਿਵਹਾਰ ਵਿੱਚ ਸੁਧਾਈ ਲਿਆਉਣ ਲਈ ਕਿਰਿਆ ਕਰਦਾ ਹੈ। ਦੋਵੇਂ ਪਿਤਾ-ਪੁਰਖੀ ਅਤੇ ਵਾਤਾਵਰਣ ਇੱਕ ਵਿਅਕਤੀ ਦੇ ਜੀਵਨ ਵਿੱਚ ਅਹਿਮ ਹੁੰਦੇ ਹਨ; ਦੋਵੇਂ ਹੀ ਵਿਕਾਸ ਦੇ ਨਿਰਧਾਰਕ ਹੁੰਦੇ ਹਨ। ਰੌਸ ਮੁਤਾਬਕ ਵਿਅਕਤੀ ਦੇ ਜੀਵ ਵਿਗਿਆਨਕ, ਮਨੋਵਿਗਿਆਨਕ ਅਤੇ ਸਮਾਜਿਕ ਵਿਕਾਸ ਦੇ ਪੱਧਰ ਨੂੰ ਨਿਰਧਾਰਤ ਕਰਨ ਵਿੱਚ ਕਾਰਕਾਂ ਦੀ ਕਿਰਿਆ ਨੂੰ ਕਦੇ-ਕਦਾਈਂ ਨਿਮਨ ਫਾਰਮੂਲੇ ਅਨੁਸਾਰ ਪ੍ਰਗਟਾਇਆ ਜਾਂਦਾ ਹੈ:

HxExT=DL

ਭਾਵ

Heredity(ਪਿਤਾਪੁਰਖੀ) x Environment(ਵਾਤਾਵਰਣ) x Time(ਸਮਾਂ/ਗੁਣਾ)=

ਵਿਅਕਤੀਗਤ ਵਿਅਕਤਿਤਵ ਦਾ ਵਿਕਾਸ ਪੱਧਰ। ਇਹ ਫਾਰਮੂਲਾ ਇਸ ਤੱਥ ਨੂੰ ਨਿਹਿਤ ਕਰਦਾ ਹੈ ਕਿ ਭਾਵੇਂ ਪਿਤਾ ਪੁਰਖੀ ਜਾਂ ਵਾਤਾਵਰਣ ਇਕੱਲਿਆਂ ਕਿਰਿਆ ਕਰਦਾ ਹੈ, ਕਹਿਣਾ ਅਰਥਹੀਣ ਹੈ।

ਪਿਤਾ ਪੁਰਖੀ ਕਿਸੇ ਕਿਸਮ ਦੇ ਵਾਤਾਵਰਣ ਵਿੱਚ ਹੀ ਕਾਰਜ ਕਰਦਾ ਹੈ। ਵਾਤਾਵਰਣ ਤੋਂ ਬਗੈਰ ਇਹ ਬੇਕਾਰ ਹੈ ਅਤੇ ਬਗੈਰ ਪਿਤਾ ਪੁਰਖੀ ਵਾਤਾਵਰਣ ਦਾ ਕੋਈ ਭਾਵ ਨਹੀਂ। ਇਸ ਦਾ ਭਾਵ ਹੈ ਕਿ ਦੋਵੇਂ ਇੱਕ ਵਿਅਕਤੀ ਦੇ ਜੀਵਨ ਵਿੱਚ ਅਹਿਮ ਹਨ। ਪਿਤਾ ਪੁਰਖੀ ਸਾਨੂੰ ਸਰੀਰ, ਸੰਰਚਨਾ, ਰੰਗ ਜਾਂ ਨੈਨ-ਨਕਸ਼ ਪ੍ਰਦਾਨ ਕਰਦਾ ਹੈ ਅਤੇ ਵਾਤਾਵਰਣ ਉਨ੍ਹਾਂ ਨੂੰ ਵਿਕਸਤ ਕਰਨ ਵਿੱਚ ਮਦਦ ਕਰਦਾ ਹੈ।

ਲੈਂਡਿਸ ਅਤੇ ਲੈਂਡਿਸ ਨੇ ਟਿੱਪਣੀ ਕੀਤੀ ਹੈ ਕਿ ”ਪਿਤਾ ਪੁਰਖੀ ਸਾਨੂੰ ਵਿਕਸਤ ਹੋਣ ਲਈ ਸਮਰੱਥਾਵਾਂ ਪ੍ਰਦਾਨ ਕਰਦਾ ਹੈ, ਪ੍ਰੰਤੂ ਇਨ੍ਹਾਂ ਸਮਰੱਥਾਵਾਂ ਦੇ ਵਿਕਾਸ ਲਈ ਅਵਸਰ ਵਾਤਾਵਰਣ ਤੋਂ ਆਉਣੇ ਲਾਜ਼ਮੀ ਹਨ।

ਵਰਡਵਰਥ ਅਨੁਸਾਰ ਦੋਵੇਂ ਹੀ ਬੱਚੇ ਦੇ ਵਾਧੇ ਅਤੇ ਵਿਕਾਸ ਲਈ ਲਾਜ਼ਮੀ ਹਨ। ਵਿਅਕਤੀ ਪਿਤਾ ਪੁਰਖੀ ਅਤੇ ਵਾਤਾਵਰਣ ਵਿਚਾਲੇ ਗੁਣਨ ਦਾ ਪਰਿਣਾਮ ਹੈ। ਵਿਅਕਤੀ ਨੂੰ ਆਇਤ ਦੇ ਖੇਤਰ ਦੁਆਰਾ ਦਰਸਾਇਆ ਜਾਂਦਾ ਹੈ। ਆਇਤ ਦਾ ਖੇਤਰ ਮਹਿਜ ਆਧਾਰ ਜਾਂ ਉਚਾਈ ਉੱਪਰ ਨਿਰਭਰ ਨਹੀਂ

ਕਰਦਾ, ਇਹ ਦੋਹਾਂ ਉੱਪਰ ਨਿਰਭਰ ਕਰਦਾ ਹੈ। ਇਸੇ ਤਰ੍ਹਾਂ ਵਿਅਕਤੀ ਪਿਤਾ ਪੁਰਖੀ ਅਤੇ ਵਾਤਾਵਰਣ ਦਾ ਪਰਿਣਾਮ ਹੈ, ਪਿਤਾ ਪੁਰਖੀ ਸੰਭਾਵਨਾਵਾਂ ਦਾ ਵਿਕਾਸ ਵਾਤਾਵਰਣ ਦਾ ਮਸਲਾ ਹੈ।



A=bxh

ਨੋਟ

ਪਿਤਾ ਪੁਰਖੀ ਅਤੇ ਵਾਤਾਵਰਣ ਇਕੱਲਤਾ ਵਿੱਚ ਕਿਰਿਆ ਨਹੀਂ ਕਰ ਸਕਦੇ। ਹਰੇਕ ਵਿਅਕਤੀ ਵਿੱਚ ਪਿਤਾ ਪੁਰਖੀ ਹੁੰਦਾ ਹੈ, ਇਹ ਗੁਣ ਉਨ੍ਹਾਂ ਦੀ ਪਰਵਰਿਸ਼ ਲਈ ਇੱਕ ਵਾਤਾਵਰਣ ਉੱਪਰ ਵਿਕਸਤ ਹੁੰਦੇ ਹਨ। ਮਰਫੀ ਨੇ ਸਹੀ ਕਿਹਾ ਹੈ "ਪਿਤਾ ਪੁਰਖੀ ਸਿਰਫ਼ ਵਿਸ਼ੇਸ਼ ਵਾਤਾਵਰਣਕ ਤਾਕਤਾਂ ਦੁਆਰਾ ਪਿਤਾ ਪੁਰਖੀ ਸੰਭਾਵਨਾਵਾਂ ਦੇ ਨਿਸਤਾਰੇ ਦੁਆਰਾ ਜਾਇਆ ਜਾਂਦਾ ਹੈ ਅਤੇ ਜਿਹੜਾ ਨਿਸਤਾਰਾ ਹੁੰਦਾ ਹੈ, ਉਹ ਘੇਰਾ ਪਾਉਂਦੇ ਦਬਾਵਾਂ ਦੀ ਕਿਰਿਆ ਕਿਉਂ ਜੋ ਇਹ ਅੰਤਰ ਨਿਹਿਤ ਜਾਂ ਨਿਹਿਤ ਅਮਾਨਤ ਦਾ ਹੈ। ਨਿਮਨ ਚਿੱਤਰ ਦੋਹਾਂ ਵਿਚਾਰਾਂ ਨੂੰ ਨਿਮਨ ਵਾਗ ਵਰਣਨ ਕਰਦਾ ਹੈ:

ਉੱਪਰੀ ਸੀਮਾਵਾਂ ਪਿਤਾ ਪੁਰਖੀ ਦੁਆਰਾ ਉਪਲੱਬਧ ਕੀਤੀਆਂ ਜਾਦੀਆਂ ਹਨ ਅਤੇ ਵਾਤਾਵਰਣ ਉਨ੍ਹਾਂ ਸੀਮਾਵਾਂ ਤੋਂ ਪਰ੍ਹਾਂ ਨਹੀਂ ਜਾ ਸਕਦਾ। ਪ੍ਰੰਤੂ ਇਹ ਪਿਤਾ ਪੁਰਖੀ ਵੱਲੋਂ ਦਿੱਤੀ ਕੱਚੀ ਸਮੱਗਰੀ ਨੂੰ ਅਧਿਕਤਮ ਵਿਕਾਸ ਵਿੱਚ ਮਦਦ ਕਰਦਾ ਹੈ। ਪਿਤਾ ਪੁਰਖੀ ਕੱਚਾ ਮਾਲ ਸਪਲਾਈ ਕਰਦਾ ਹੈ, ਸੰਸਕ੍ਰਿਤੀ ਰੂਪ ਰੇਖਾ ਦੀ ਸਪਲਾਈ ਕਰਦੀ ਹੈ, ਜਦਕਿ ਪਰਿਵਾਰ ਸ਼ਿਲਪਕਾਰ ਹੈ, ਕਿਉਂਕਿ ਇਹ ਮਾਪੇ ਹੀ ਹਨ, ਜਿਹੜੇ ਕਿ ਬੱਚੇ ਤੱਕ ਸਮਾਜ ਦੀ ਸੰਸਕ੍ਰਿਤੀ ਨੂੰ ਪਹੁੰਚਾਉਂਦੇ ਹਨ। ਮੈਕਨਵਰ ਅਤੇ ਪੇਜ ਅਨੁਸਾਰ, "ਜ਼ਿੰਦਗੀ ਦਾ ਹਰੇਕ ਵਰਤਾਰਾ ਦੋਵੇਂ ਪਿਤਾ ਪੁਰਖੀ ਅਤੇ ਵਾਤਾਵਰਣ ਦਾ ਉਤਪਾਦ ਹੈ, ਹਰੇਕ ਦੂਜੇ ਦਾ ਪਰਿਣਾਮ ਲਈ ਬੇਹੱਦ ਜ਼ਰੂਰੀ ਹੈ। ਕਿਸੇ ਨੂੰ ਵੀ ਗਾਇਬ ਜਾਂ ਇੱਕਲਿਆਂ ਨਹੀਂ ਕੀਤਾ ਜਾ ਸਕਦਾ।" ਇਸ ਤੋਂ ਇਲਾਵਾ ਸੰਬੰਧਤ ਅਹਿਮੀਅਤ ਨੂੰ ਨਿਮਨ ਉਦਾਹਰਣ ਰਾਹੀਂ ਉਜਾਗਰ ਕੀਤਾ ਜਾ ਸਕਦਾ ਹੈ।

1. Seeds (Heredity) x Soil = Yield

2. Capital x Investment = Revenue

## 2.7 ਵਿਦਿਅਕ ਭਾਵ ਅਰਥ

ਪਿਤਾ ਪੁਰਖੀ ਅਤੇ ਵਾਤਾਵਰਣ ਦੀ ਸੰਬੰਧਤ ਭੂਮਿਕਾ ਦਾ ਗਿਆਨ ਅਧਿਆਪਕ ਦੇ ਪੱਖ ਤੋਂ ਬਹੁਤ ਅਹਿਮ ਹੈ ਤਾਂ ਜੋ ਉਹ ਵਿਦਿਆਰਥੀਆਂ ਨੂੰ ਪਹਿਲੂਆਂ ਨੂੰ ਸਿੱਖਣ ਵਿੱਚ ਬਿਹਤਰ ਮਦਦ ਕਰ ਸਕੇ। ਦੋਹਾਂ ਕਾਰਕਾਂ ਦਾ ਗਿਆਨ ਅਧਿਆਪਕ ਨੂੰ ਗਣਿਤ ਜਾਂ ਅੰਗ੍ਰੇਜ਼ੀ ਦਾ ਵਿਸ਼ਾ ਪੜ੍ਹਨ ਵਿੱਚ ਆਪਣੇ ਵਿਦਿਆਰਥੀਆਂ ਵਿਚਕਾਰ ਵਿਅਕਤੀਗਤ ਅੰਤਰ ਲੱਭਣ ਵਿੱਚ ਅਤੇ ਨਾਲ ਹੀ ਉਸਦੀਆਂ ਅਧਿਆਪਨ ਤਕਨੀਕਾਂ ਅਤੇ ਵਿਧੀਆਂ ਨੂੰ, ਜਿਵੇਂ ਕਿ ਪ੍ਰੋਜੈਕਟ ਵਿਧੀ ਅਤੇ ਸੰਚਾਰਣ ਅਧਿਆਪਨ ਤਕਨੀਕਾਂ, ਨੂੰ ਕ੍ਰਮਬੱਧ ਕਰਨ ਵਿੱਚ ਮਦਦ ਕਰਨਗੇ।

ਅਧਿਆਪਕ ਨੂੰ ਬਿਹਤਰ ਸਿੱਖਿਆ ਅਤੇ ਬਿਹਤਰ ਵਾਤਾਵਰਣ ਉਪਲੱਬਧ ਕਰਨ ਲਈ ਲਾਜ਼ਮੀ ਤਿਆਰੀ ਕਰਨੀ ਚਾਹੀਦੀ ਹੈ। ਹਰੇਕ ਵਿਸ਼ੇ ਵਿੱਚ ਲੋੜੀਂਦੀ ਲਾਇਬ੍ਰੇਰੀ ਕੰਪਿਊਟਰ

ਨੋਟ

ਲਬਾਰਟੀ ਉਪਲੱਬਧ ਕਰਕੇ ਕੀਤਾ ਜਾ ਸਕਦਾ ਹੈ। ਉਸ ਨੂੰ ਬੱਚੇ ਦਾ ਅਧਿਐਨ ਕਰਨਾ ਚਾਹੀਦਾ ਹੈ, ਨਾਲ ਹੀ ਉਸ ਦੀਆਂ ਯੋਗਤਾਵਾਂ ਅਤੇ ਵਾਤਾਵਰਣ ਵੀ, ਅਤੇ ਵਿਕਾਸ ਲਈ ਸਕੀਮ ਤਿਆਰ ਕਰਨੀ ਚਾਹੀਦੀ ਹੈ। ਇਸ ਸੰਦਰਭ ਵਿੱਚ ਸੋਰੇਨਸਨ ਨੇ ਸਹੀ ਟਿੱਪਣੀ

ਕੀਤੀ ਹੈ ਕਿ ਅਧਿਆਪਕ ਲਈ ਗਿਆਨ, ਮਨੁੱਖੀ ਵਿਕਾਸ ਉੱਪਰ ਪਿਤਾ ਪੁਰਖੀ ਅਤੇ ਵਾਤਾਵਰਣ ਦੀਆਂ ਸ਼ਕਤੀਆਂ ਦਾ ਸੰਬੰਧਤ ਪ੍ਰਭਾਵ ਅਤੇ ਉਲ੍ਹਾਂ ਦਾ ਅੰਤਰ ਸੰਬੰਧਨ ਬੇਹੱਦ ਅਹਿਮੀਅਤ ਦਾ ਹੈ। ਵਿਦਿਅਕ ਪ੍ਰਾਪਤੀ ਦਾ ਉੱਚ ਮਾਪਦੰਡ ਸਕੂਲ ਦੇ ਮਾਹੌਲ ਉੱਪਰ ਨਿਰਭਰ ਕਰਦਾ ਹੈ।

ਸਕੂਲ ਨੂੰ ਬੱਚਿਆਂ ਵਾਸਤੇ ਪਾਠਕ੍ਰਮ ਅਤੇ ਮਹਿ-ਪਾਠਕ੍ਰਮ ਗਤੀਵਿਧੀਆਂ ਦੇ ਸਮਰਿੱਧ ਪ੍ਰੋਹਕਾਮ ਉਪਲੱਬਧ ਕਰਨ 'ਤੇ ਟੀਚਾ ਰੱਖਣਾ ਚਾਹੀਦਾ ਹੈ ਜਿਵੇਂ ਕਿ ਕੁਇਜ਼ ਅਤੇ ਪੜ੍ਹਨ ਮੁਕਾਬਲੇ। ਉਨ੍ਹਾਂ ਕੋਲ ਬਿਹਤਰ ਵਿਦਿਅਕ, ਵੋਕੇਸ਼ਨਲ, ਨਿੱਜੀ ਮਾਰਗ ਦਰਸ਼ਲ ਅਤੇ ਕਾਉਂਸਲਿੰਗ ਤੇ ਵਿਅਕਤਿਤਵ ਵਿਕਾਸ ਦੇ ਪ੍ਰੋਗ੍ਰਾਮ ਹੋਣੇ ਚਾਹੀਦੇ ਹਨ ਜੇਕਰ ਉਨ੍ਹਾਂ ਦੇ ਪਿਤਾ ਪੁਰਖੀ ਅਤੇ ਵਾਤਾਵਰਣ ਗਿਆਤ ਹੋਣ। ਇੱਕ ਅਧਿਆਪਕ ਲਈ ਪਿਤਾ ਪੁਰਖੀ ਅਤੇ ਵਾਤਾਵਰਣ ਦਾ ਗਿਆਨ ਹਰੇਕ ਕਿਸਮ ਦੇ ਵਿਸ਼ਿਸ਼ਅ ਬੱਚਿਆਂ, ਸਮੇਤ ਪ੍ਰਤਿਭਾਵਾਨਾ, ਸਾਧਾਰਣ, ਔਸਤ ਤੋਂ ਹੇਠਾਂ ਅਤੇ ਇੱਲਤੀ ਬੱਚਿਆਂ ਅਤੇ ਪਹਿਲੀ ਪੀੜੀ ਦੇ ਸਿਖਾਂਦਰੂ, ਸਮੇਤ ਵਿਦਿਅਕ ਤੌਰ 'ਤੇ ਪੱਛੜੇ ਬੱਚਿਆਂ ਨਾਲ ਨਜਿੱਠਣ ਲਈ ਬੇਹੱਦ ਲਾਜ਼ਮੀ ਹੈ।

1. **ਸਿਖਾਂਦਰੂ ਦਾ ਪਿਛੋਕੜ:** ਪੂਰਵ ਗਿਆਨ, ਬੁੱਧੀ, ਪਰਿਵਾਰਕ ਪਿਛੋਕੜ, ਰੁਚੀ, ਸੁਭਾਵ ਰੁਚੀ ਅਤੇ ਰਵੱਈਆ ਦੀ ਘਾਟ ਇੱਕ ਅਹਿਮ ਭੂਮਿਕਾ ਅਦਾ ਕਰਦੀ ਹੈ ਕੁਝ ਵਿਦਿਆਰਥੀ ਜਿਹੜੇ ਕਿਸੇ ਵਿੱਚ ਪਿੱਛੇ ਰਹਿ ਜਾਂਦੇ ਹਨ, ਦੂਜੇ ਖੇਤਰ ਵਿੱਚ ਬਿਹਤਰ ਕਰਦੇ ਹਨ। ਇਸ ਲਈ ਅਧਿਆਪਕ ਨੂੰ ਵਿਦਿਆਰਥੀਆਂ ਵਾਸਤੇ ਸੰਗਿਆਨਕ ਵਾਤਾਵਰਣ ਉਪਲੱਬਧ ਕਰਨਾ, ਉਨ੍ਹਾਂ ਨਾਲ ਇਕਸਮਾਨ ਵਰਤਾਰਾ ਕਰਨਾ ਚਾਹੀਦਾ ਹੈ। ਅਧਿਆਪਕ ਨੂੰ ਉਨ੍ਹਾਂ (ਵਿਦਿਆਰਥੀਆਂ) ਨੂੰ ਵਾਤਾਵਰਣ ਨਾਲ ਅਨੁਕੂਲ ਹੋਣ ਲਈ ਪ੍ਰੇਰਤ ਕੀਤਾ ਜਾਣਾ ਚਾਹੀਦਾ ਹੈ।

2. ਕਈ ਵਿਅਕਤੀ ਹਨ, ਜਿਹੜੇ ਕਈ ਕਾਰਕਾਂ ਕਰਕੇ ਸਮੂਹ ਦੇ ਨੇਮਾਂ ਤੋਂ ਭਟਕ ਜਾਂਦੇ ਹਨ। ਇਸ ਲਈ ਕਲਾਸਰੂਮ ਅਧਿਆਪਕ ਨੂੰ ਆਪਣੇ ਵਿਦਿਆਰਥੀ ਦੀ ਯੋਗਤਾ, ਸਮਰੱਥਾ, ਰੁਚੀ, ਰਵੱਈਆ, ਸੁਭਾਵਕ ਰੁਚੀ ਅਤੇ ਹੋਰ ਵਿਅਕਤਿਤਵ ਗੁਣਾਂ ਬਾਰੇ ਲੋੜੀਂਦਾ ਗਿਆਨ ਹੋਣਾ ਚਾਹੀਦਾ ਹੈ ਅਤੇ ਇਸੇ ਗਿਆਨ ਦੇ ਮੱਦੇ ਨਜ਼ਰ ਉਨ੍ਹਾਂ ਦੀ ਸਮਰੱਕਾਂ ਦੀ ਅਧਿਕਤਮ ਵਰਤੋਂ ਲਈ ਉਸ ਨੂੰ ਨਿੱਜੀ ਮਾਰਗ ਦਰਸ਼ਨ ਕਰਨਾ ਚਾਹੀਦਾ ਹੈ।

3. ਅਧਿਆਪਨ ਦੀਆਂ ਭਿੰਨ ਵਿਧੀਆਂ ਕਲਾਸਰੂਪ ਵਿੱਚ ਜ਼ਰੂਰ ਅਪਣਾਈਆਂ ਜਾਣੀਆਂ ਚਾਹੀਦੀਆਂ। ਇਹ ਬੱਚਿਆਂ ਦੀ ਰੂਚੀ ਅਤੇ ਸਮਝ ਦੇ ਪੱਧਰ ਮੁਤਾਬਕ ਭਿੰਨ ਬੱਚਿਆਂ ਦੀ ਲੋੜਾਂ ਦੀ ਪਰਵਰਿਸ਼ ਵਿੱਚ ਮਦਦ ਕਰਦਾ ਹੈ।

4. ਸਕੂਲ ਵਿਅਕਤਿਤਵ ਵਿਕਾਸ ਦਾ ਸਥਾਨ ਹੋਣਾ ਚਾਹੀਦਾ ਹੈ। ਸਕੂਲ ਨੂੰ ਲੀਡਰਰਿਸ਼ਪ ਸਮੂਹ ਸਤਿਕੀ ਉੱਪਰ ਪ੍ਰੋਗ੍ਰਾਮ ਕਰਵਾਉਣੇ ਚਾਹੀਦੇ ਹਨ, ਇਸ ਵਾਸਤੇ ਸਿਖਾਂਦਰੂ ਦੇ ਪਿਤਾ ਪੁਰਖੀ ਅਤੇ ਵਾਤਾਵਰਣ ਦੇ ਪਿਛੋਕੜ ਨੂੰ ਧਿਆਨ 'ਚ ਰੱਖਣਾ ਪਵੇਗਾ।

5. ਹਰੇਕ ਸਕੂਲ ’ਚ ਇੱਕ ਮਾਰਗਦਰਸ਼ਨ ਅਤੇ ਕਾਉਂਸਲਿੰਗ ਸੈਂਟਰ ਹੋਣਾ ਲਾਜ਼ਮੀ ਹੈ।

## ਆਪਣੀ ਪ੍ਰਗਤੀ ਦੀ ਪਰਖ ਕਰੋ-1

ਨੋਟ

1. ਪਿਤਾ ਪੁਰਖੀ ਕੀ ਹੈ?

2. ਵਾਤਾਵਰਣ ਕੀ ਹੈ?

3. ਪਿਤਾ ਪੁਰਖੀ ਦੇ ਕਾਰਕ ਕੀ ਹਨ?

4. ਵਾਤਾਵਰਣ ਦੇ ਕਾਰਕ ਕੀ ਹਨ?

5. ਤੁਸੀਂ ਕਿਵੇਂ ਆਖ ਸਕਦੇ ਹੋ ਕਿ ਪਿਤਾ ਪੁਰਖੀ ਵਾਤਾਵਰਣ ਨਾਲੋਂ ਵਧੇਰੇ ਅਹਿਮ ਹੈ?

6. ਵਾਤਾਵਰਣ ਦੇ ਪੱਖ ਵਿੱਚ ਕੀ ਦਲੀਲਾਂ ਹਨ?

7. ਪਿਤਾ ਪੁਰਖੀ ਅਤੇ ਵਾਤਾਵਰਣ ਅਧਿਐਲ ਦੀ ਸੰਬੰਧਤ ਅਹਿਮੀਅਤ ਕੀ ਹੈ?

8. ਪਿਤਾ ਪੁਰਖੀ ਅਤੇ ਵਾਤਾਵਰਣ ਦੇ ਅਧਿਐਨ ਦੇ ਵਿਦਿਅਕ ਨਿਹਿਤ ਭਾਵ-ਅਰਥ ਕੀ ਹਨ?

## 2.8 ਸਾਰਾਂਸ਼

ਸਿੱਖਿਆ ਬੱਚਿਆਂ ਦੇ ਵਾਧੇ ਅਤੇ ਵਿਕਾਸ ਨਾਲ ਅਨਿਵਾਰੀ ਰੂਪ ਵਿੱਚ ਜੁੜਿਆ ਹੋਇਆ ਹੈ। ਸਿੱਖਿਆ ਬੱਚਿਆਂ ਦੀਆਂ ਸੰਭਾਵਨਾਵਾਂ ਦੇ ਪੂਰੀ ਤਰ੍ਹਾਂ ਸੰਭਵ ਨਿਕਾਸ ’ਤੇ ਕੇਂਦਰਤ ਹੈ। ਇਹ ਕਿਹਾ ਜਾਂਦਾ ਹੈ ਕਿ ਬੱਚਾ ਕੁਝ ਪ੍ਰਾਕ੍ਰਿਤਕ ਗੁਣਾਂ ਨਾਲ ਜਨਮ ਲੈਂਦਾ ਹੈ ਅਤੇ ਇਹ ਸਿੱਖਿਆ ਦੀ ਹੀ ਸ਼ਕਤੀ ਹੈ ਕਿ ਇੱਕ ਵਿਸ਼ੇਸ਼ ਵਾਤਾਵਰਣ ਵਿੱਚ ਸਹੀ ਵਾਧਾ ਪ੍ਰੇਰਤ ਕੀਤਾ

ਨੋਟ

ਜਾਵੇ। ਪਿਤਾ ਪੁਰਖੀ ਦਾਅਵਾ ਕਰਦੇ ਹਨ ਕਿ ਪਿਤਾ ਪੁਰਖੀ ਹੀ ਸਭ ਤੋਂ ਅਹਿਮ ਹੈ ਕਿਉਂ ਇੱਕ ਇਹ ਕਿਸੇ ਦੇ ਵਿਅਕਤਿਤਵ ਬਾਰੇ ਸਾਰਾ ਨਿਰਣਾ ਕਰਦੇ ਅਤੇ ਸੈਟ ਕਰਦਾ ਹੈ। ਪਿਤਾ ਪੁਰਖੀ ਨੂੰ ਜਮਾਂਦਰੂ ਨਿੱਜੀ ਗੁਣਾਂ ਦਾ ਸਮੁੱਚਾ ਜੋੜ ਸਮਝਿਆ ਜਾਂਦਾ ਹੈ। ਸਰਭਧਾਰਣ ਤੋਂ ਬਾਅਦ, ਹੁਣ ਬੱਚੇ ਦਾ ਵਿਕਾਸ ਪਿਤਾਪੁਰਖੀ ਵਿਸ਼ੇਸ਼ਤਾਈਆਂ ਅਤੇ ਵਾਤਾਵਰਣ ਵਿਚਕਾਰ ਪਰਸਪਰਕਿਰਿਆ ਦਾ ਪਰਿਣਾਮ ਹੁੰਦਾ ਹੈ। ਅਨੁਭਵ ਦਰਸਾਉਂਦੇ ਹਨ ਕਿ ਹਰੇਕ ਗੁਣ ਇਸ ਦੇ ਵਿਕਾਸ ਲਈ ਪਿਤਾ ਪੁਰਖੀ ਅਤੇ ਵਾਤਾਵਰਣ ਦੋਹਾਂ ਨੂੰ ਲੋੜਦਾ ਹੈ।

ਪਿਤਾ ਪੁਰਖੀ ਅਤੇ ਵਾਤਾਵਰਣ ਦੋਵਾਂ ਬਰਾਬਰ ਦੀ ਅਹਿਮੀਅਤ ਰੱਖਦੇ ਹਨ ਅਤੇ ਨਾਲ ਨਾਲ ਕੰਮ ਕਰਦੇ ਹਨ, ਪ੍ਰਾਪਤੀ ਲਈ ਦੋਵੇਂ ਅਨਿਵਾਰੀ ਹਨ। ਦੂਜੇ ਸ਼ਬਦਾਂ ਵਿੱਚ ਅਸੀਂ ਆਖ ਸਕਦੇ ਹਾਂ ਕਿ ਪਿਤਾ ਪੁਰਖੀ ਅਤੇ ਵਾਤਾਵਰਣ ਦੋਵੇਂ ਸਨਮਾਨਸੂਚਕ ਹਨ, ਦੋਵੇਂ ਇੱਕੋ ਵਰਤਾਰੇ ਦੇ ਪਹਿਲੂ ਹਨ।

## 2.9 ਤੁਹਾਡੀ ਪ੍ਰਗਤੀ ਦੀ ਪਰਖ ਲਈ ਉੱਤਰ

1) ਪਿਤਾ ਪੁਰਖੀ ਇੱਕ ਪ੍ਰਕਿਰਿਆ ਹੈ ਜਿਸ ਰਾਹੀਂ ਕੋਸ਼ਿਕਾਵਾਂ ਮਾਪਿਆਂ ਤੋਂ ਸਰੀਰਕ ਅਤੇ ਮਾਨਸਿਕ ਗੁਣ ਲੈ ਕੇ ਬੱਚਿਆਂ ਤੱਕ ਪਹੁੰਚਾਉਂਦੇ ਹਨ।

2) ਚੁਗਿਰਦਾ, ਜਿੱਥੋਂ ਇੱਕ ਵਿਅਕਤੀ ਆਪਣੇ ਵਾਧੇ ਅਤੇ ਗਤੀਵਿਧੀਆਂ ਲਈ ਉਕਸਾਹਟ ਪ੍ਰਾਪਤ ਕਰਦਾ ਹੈ, ਜਿਸ ਵਿੱਚ ਭੌਤਿਕ, ਮਾਨਸਿਕ ਅਤੇ ਭਾਵਨਾਤਮਕ ਪਹਿਲੂ ਸ਼ਾਮਲ ਹਨ।

3) ਪਿਤਾ ਪੁਰਖੀ ਦੇ ਕਾਰਕ ਹਨ: ਜੀਨ, ਭੌਤਿਕ ਪ੍ਰਗਟਾਵਾ, ਉਚਾਈ, ਵਜ਼ਨ, ਚਮੜੀ ਦਾ ਰੰਗ, ਅਤੇ ਸਾਰੇ ਝਲਕ।

4) ਵਾਤਾਵਰਨ ਕਾਰਕ ਉਨ੍ਹਾਂ ਸਾਰਿਆਂ ਨੂੰ ਸੰਮਿਲਤ ਕਰਦਾ ਹੈ ਜਿਨ੍ਹਾਂ ਸਾਰਿਆਂ ਨੂੰ ਅਸੀਂ ਆਪਣੇ ਗਿਰਦ ਵੇਖਦੇ ਅਤੇ ਸੁਣਦੇ ਹਾਂ। ਇਸ ਦੇ ਭੌਤਿਕ, ਸੰਸਕ੍ਰਿਤਕ ਅਤੇ ਵਾਤਾਵਰਣ ਦੇ ਸਮਾਜਿਕ ਪਹਿਲੂ ਹੁੰਦੇ ਹਨ।

5) ਇਹ ਪ੍ਰਾਕਿਰਤਕ ਹੈ ਕਿ ਇੱਕ ਚੀਤਾ, ਚੀਤੇ ਦੇ ਬੱਚੇ ਨੂੰ ਹੀ ਜਨਮ ਦੇ ਸਕਦਾ ਹੈ, ਹਾਥੀ ਦੇ ਬੱਚੇ ਨੂੰ ਨਹੀਂ। ਵੰਸਜ ਪ੍ਰਾਕ੍ਰਿਤਕ ਤੌਰ ’ਤੇ ਆਪਣੇ ਮਾਪਿਆਂ ਦੇ ਸਾਰੇ ਪ੍ਰਬਲ ਗੁਣ ਨਿਹਿਤ ਕਰਦਾ ਹੈ। ਮਿਸਾਲ ਦੇ ਤੌਰ ’ਤੇ ਬੱਚੇ ਦਾ ਠਿੰਗਣਾ ਹੋਣਾ ਠਿੰਗਣੇ ਮਾਪਿਆਂ ਕਾਰਨ ਹੁੰਦਾ ਹੈ।

6) ਵਾਤਾਵਰਣ ਨਿਸ਼ਚਤ ਤੌਰ ’ਤੇ ਇੱਕ ਵਿਅਕਤੀ ਦੇ ਵਿਵਹਾਰਕ ਪਹਿਲੂਆਂ ਨੂੰ ਪ੍ਰਭਾਵਤ ਕਰਦਾ ਹੈ। ਮਿਸਾਲ ਦੇ ਤੌਰ ’ਤੇ : ਇੱਕ ਜੌੜਾ ਜਿਨ੍ਹਾਂ ਦੀ ਪਰਵਰਿਸ਼ ਵਖਰਿਆਂ ਹੁੰਦੀ ਹੈ, ਲੈ-ਪਾਲਕ ਮਾਪਿਆਂ ਦੇ ਗੁਣ ਹਾਸਲ ਕਰਨ ਵੱਲ ਪ੍ਰਵਿਰਤ ਹੁੰਦੇ ਹਨ। ਭਾਸ਼ਾ ਪ੍ਰਾਪਤੀ ਵਾਤਾਵਰਣ ’ਤੇ ਨਿਰਭਰ ਕਰਦੀ ਹੈ। ਅਨਪੜ੍ਹ ਮਾਪਿਆਂ ਦੇ ਘਰ ਜਨਮਿਆ ਬੱਚਾ ਦੱਸ ਭਿੰਨ ਭਾਸ਼ਾਵਾਂ ਸਿੱਖ ਸਕਦਾ ਹੈ ਜਦੋਂ ਤੱਕ ਉਹ ਦੱਸ ਸਾਲਾਂ ਦਾ ਹੋ ਜਾਂਦਾ ਹੈ।

7) ਇੱਕ ਵਿਅਕਤੀ ਦੇ ਵਾਧੇ ਵਿੱਚ ਪਿਤਾ ਪੁਰਖੀ ਅਤੇ ਵਾਤਾਵਰਣ ਦੀ ਵਿੱਲਖਣ ਭੂਮਿਕਾ ਹੁੰਦੀ ਹੈ ਅਤੇ ਉਹ ਇੱਕ ਸਿੱਕੇ ਦੇ ਦੋ ਪਹਿਲੂਆਂ (ਪਾਸਿਆਂ) ਵਾਂਗ ਹਨ। ਇੱਕ ਵਿਅਕਤੀ ਦੋਵੇਂ ਪਿਤਾ-ਪੁਰਖੀ ਅਤੇ ਵਾਤਾਵਰਣ ਦੀ ਪੈਦਾਵਾਰ ਹੁੰਦਾ ਹੈ। ਪਿਤਾ ਪੁਰਖੀ ਕਾਰਕਾਂ ਜਾਂ ਵਾਤਾਵਰਣਕ ਕਾਰਕਾਂ ਦੇ ਪ੍ਰਭਾਵ ਦਾ ਦਰਜਾ ਪਰਿਵਰਤਤ ਹੋ ਸਕਦਾ ਹੈ ਜਿਹੜਾ ਕਿ ਮਾਪਿਆਂ ਦੇ ਬੱਚਿਆਂ ਦੀ ਪਰਵਰਿਸ਼ ਦੇ ਅਮਲਾਂ ਉੱਪਰ ਨਿਰਭਰ ਕਰਦਾ ਹੈ। ਉਦਾਹਰਣਾਂ ਜਿਵੇਂ ਕਿ Seed and Soil = Yield ਅਤੇ Capital and Investment = Revenue ਭਾਵ ਬੀਜ ਅਤੇ ਮਿੱਟੀ = ਉਪਜ ਅਤੇ ਪੂੰਜੀ ਅਤੇ ਨਿਵੇਸ਼ = ਆਮਦਨ, ਉਨ੍ਹਾਂ ਦੀ ਪਰਸਪਰ ਅਹਿਮੀਅਤ ਨੂੰ ਉਜਾਗਰ ਕਰਨ ਲਈ ਦਿੱਤੀ ਗਈ ਹੈ।

8) ਪਿਤਾ ਪੁਰਖੀ ਅਤੇ ਵਾਤਾਵਰਣ ਦੇ ਅਧਿਐਨ ਦੇ ਵਿਦਿਅਕ ਭਾਵ-ਅਰਥ ਉਹ ਹਨ ਜਿਵੇਂ ਕਿ ਪਿਤਾਪੁਰਖੀ ਅਤੇ ਵਾਤਾਵਰਣ ਦਾ ਅਧਿਐਨ ਅਧਿਆਪਕ ਨੂੰ ਵਿਅਕਤੀਗਤ ਅੰਤਰਾਂ ਦੇ ਕਾਰਣਤ ਕਾਰਕਾਂ ਨੂੰ ਸਮਝਣ ਦੇ ਅਵਸਰ ਦਿੰਦਾ ਹੈ ਅਤੇ ਸਿੱਖਿਆ ਵਿੱਚ ਵਿਭਿੰਨਤਾ ਨੂੰ ਘੱਟ ਕਰਨ ਲਈ ਕਲਾਸਰੂਪ ਨਿਰਦੇਸ਼ ਪੇਸ਼ ਕਰਦਾ ਹੈ ਅਤੇ ਕਲਾਸਰੂਪ ਅਧਿਆਪਨ ਵਿੱਚ ਸਾਮਾਨ ਅਵਸਰ ਉਪਲੱਬਧ ਕਰਦਾ ਹੈ।ਅਧਿਆਪਕ ਅਨੁਕਰਣਯੋਗ ਵਿਧੀ ਨੂੰ ਅਪਨਾ ਸਕਦੇ ਹਨ, ਉਚਿਤ ਅਧਿਆਪਨ ਸਾਧਨਾਂ ਦੀ ਵਰਤੋਂ ਕਰ ਸਕਦੇ ਹਨ ਅਤੇ ਕਾਫ਼ੀ ਹੱਦ ਤੱਕ ਸਿਖਾਂਦਰੂਆਂ ਨੂੰ ਪ੍ਰੇਰਤ ਕਰ ਸਕਦੇ ਹਨ।

## 2.10 ਸੁਝਾਏ ਅਧਿਐਨ ਅਤੇ ਸੰਦਰਭ


1) Hurlock, Elizabeth B.(1973) Adoloscent Development, Mc Graw Hil Tokyo.
2) Jersild, Arthur Thomas, (1957) : Psychology of Adoloscence, Macmillan, Michigan
3) Chauhan, ss (2010) Advanced Educational Psychology Vikas Publishing House Pvt. Ltd., New Delhi
4) Sharma, Sagar & Nanda, SK (1967) Fundamental Educational Psychology, NBS Educational Publishers, Chandigarh.
5) Chaube, S.P. & Chaube, Akhilesh (1996) Educational Psychology and Experiments, Himalaya Publishing House, Bombay


## 2.11 ਸੰਖੇਪ ਸ਼ਬਦ/ਸ਼ਬਦ ਸੰਗ੍ਰਹਿ

ਪਿਤਾ ਪੁਰਖੀ : ਸਰੀਰਕ ਅਤੇ ਮਨੋਵਿਗਿਆਨਕ ਗੁਣੱਵਤਾ ਜਿਹੜੀ ਕਿ ਇੱਕ ਬੱਚਾ ਆਪਣੇ ਮਾਪਿਆਂ ਤੋਂ ਗ੍ਰਹਿਣ ਕਰਦਾ ਹੈ।

ਵਾਤਾਵਰਣ : ਉਹ ਆਲਾ-ਦੁਆਲਾ ਜਿਸ ਵਿੱਚ ਇੱਕ ਬੱਚਾ/ਵਿਅਕਤੀ ਵੱਡਾ ਹੁੰਦਾ ਹੈ ਅਤੇ ਉਸ ਸਾਰੇ ਸਮਰਥਨ/ਸਹਾਰੇ ਨੂੰ ਸ਼ਾਮਲ ਕਰਦਾ ਹੈ ਜਿਹੜਾ ਬੱਚਾ ਬਾਹਰੀ ਦੁਨੀਆ ਤੋਂ ਪ੍ਰਾਪਤ ਕਰਦਾ ਹੈ।

ਰਵੱਈਆ : ਇਹ ਮਨ ਦੀ ਉਹ ਅਵਸਥਾ ਹੈ ਜਿਹੜੀ ਸਿਖਾਂਦਰੂ ਦੀ ਪਸੰਦ ਅਤੇ ਨਾਪਸੰਦ ਨੂੰ ਪ੍ਰਤੀਬਿੰਬਤ ਕਰਦੀ ਹੈ।

ਸੁਭਾਵ ਰੁਚੀ : ਇੱਕ ਪ੍ਰਾਕ੍ਰਿਤਕ ਯੋਗਤਾ ਜਾਂ ਇੱਕ ਹੁਨਰ

ਕਰੋਮੋਸੋਮ : ਕੋਸ਼ਕਾਵਾਂ ਜਿਹੜੀਆਂ ਮਾਪਿਆਂ ਤੋਂ ਬੱਚਿਆਂ ਨੂੰ ਕੋਈ ਜਣਨਕ ਜਾਣਕਾਰੀ ਦਿੱਤੀ ਜਾਂਦੀ ਹੈ

ਪਕਿਆਈ : ਵਾਧਾ ਜਾਂ ਪਕਿਆਈ (ਪ੍ਰੌਢਤਾ) ਜਾਂ ਪ੍ਰੌਢ ਹੋਣ ਦੀ ਪ੍ਰਕਿਰਿਆ

: ਇਹ ਇੱਕ ਯੋਗਤਾ ਜਾਂ ਸਮਰੱਥਾ ਹੈ ਜਿਸ ਨਾਲ ਕੋਈ ਗਤੀਵਿਧੀ ਜਾਂ ਮਨੁੱਖ ਕਾਬਲੀਅਤ ਲਿਜਾਈ ਜਾਂਦੀ ਹੈ ਜਿਵੇਂ ਅਰਥਭਰਪੂਰ ਸੋਚਣਾ

ਟਕਰਾਉਣਾ : ਨਾਕਾਰਤਮਕ ਪ੍ਰਭਾਵ ਰੱਖਣਾ

ਅਪਵਾਦਕ : ਉੱਤਮ ਯੋਗਤਾ ਜਾਂ ਹੁਨਰਾਂ ਦੇ ਨਾਲ ਬੱਚੇ

ਯੁਗਮਜ : ਆਂਡਿਆਂ ਅਤੇ ਸ਼ੁਕਰਾਣੂ

ਇਕਸਮਾਨ ਜੌੜਾ : ਹਰੇਕ ਵੇਰਵੇ 'ਚ ਇਕਸਮਾਨ ਜਾਂ ਦੋ ਬੱਚਿਆਂ ਵਿਚਾਲੇ ਸਮਰੂਪਤਾ
ਭਰਾਰਤੀ ਜੌੜਾ : ਇੱਕੋ ਜਿਹੇ ਦਿੱਖਦੇ ਦੋ ਭਰਾ

## 2.12 ਇਕਾਈ-ਅੰਤ ਅਭਿਆਸ

1. ਪਿਤਾ ਪੁਰਖੀ ਅਤੇ ਵਾਤਾਵਰਣ ਦੀਆਂ ਸੰਬੰਧਤ ਵਿਸ਼ੇਸ਼ਤਾਈਆਂ ਦਾ ਜ਼ਿਕਰ ਕਰੋ।
2. ਪਿਤਾ ਪੁਰਖੀ ਅਤੇ ਵਾਤਾਵਰਣ ਦੇ ਵਿਦਿਅਕ ਨਿਹਿਤ ਭਾਵ-ਅਰਥ ਦੀ ਚਰਚਾ ਕਰੋ।